
ੴ
ਪ੍ਰੇਮ-ਮਈ ਬੇਨਤੀ


ਗਾਵਹੁ ਸਚੀ ਬਾਣੀ

# ਪ੍ਰੇਮ-ਮਈ ਬੇਨਤੀ

## ਪ੍ਰਾਰਥਨਾ ਦੇ ੧੫੨ ਸ਼ਬਦ

ਔਖੇ ਅਰਥਾਂ

ਤੇ

ਢੁਕਵੀਆਂ ਧਾਰਨਾਂ ਸਮੇਤ

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

# ਮੁੱਢਲੀ ਬੇਨਤੀ

**"ਏਕੁ ਪਿਤਾ ਏਕਸ ਕੇ ਹਮ ਬਾਰਿਕ"**

ਵਾਹਿਗੁਰੂ ਸਾਡਾ ਸੱਚਾ ਪਿਤਾ ਹੈ ਤੇ ਅਸੀਂ ਸਾਰੇ ਉਸ ਦੇ ਬਾਲਕ। ਇਹ ਗੁਟਕਾ ਹੈ ਅਸਾਂ ਸਭ ਬਾਲਕਾਂ ਲਈ। ਇਸ ਵਿਚ ਪ੍ਰਭੂ-ਪਿਤਾ ਪਾਸ ਪ੍ਰੇਮ-ਮਈ ਬੇਨਤੀਆਂ ਹਨ ਕਿ :

ਪ੍ਰਭੂ ਜੀ, ਤੂੰ ਬਹੁਤ ਵੱਡਾ ਹੈਂ, ਤੇਰਾ ਦਰਬਾਰ ਬਹੁਤ ਉੱਚਾ ਹੈ, ਤੂੰ ਬੇਅੰਤ ਹੈਂ ਅਤੇ ਤੇਰੇ ਜਿਹਾ ਹੋਰ ਕੋਈ ਨਹੀਂ।

ਪਿਤਾ ਜੀ, ਤੂੰ ਮਿਠਬੋਲਾ ਹੈਂ, ਅੰਮ੍ਰਿਤ ਦੇ ਘੁੱਟਾਂ ਵਾਂਗ ਮਿੱਠਾ। ਤੈਨੂੰ ਕੌੜਾ ਬੋਲਣ ਦੀ ਜਾਚ ਹੀ ਨਹੀਂ। ਤੂੰ ਸਾਡੇ ਔਗੁਣ ਵੇਖ ਕੇ ਵੀ ਦਾਤਾਂ ਦਿੰਦਾ ਹੈਂ।

ਬਖ਼ਸ਼ਿੰਦ ਪਿਤਾ ਜੀ, ਅਸੀਂ ਬਾਲਕ ਅੰਞਾਣੇ ਹਾਂ, ਬੇਸਮਝ ਹਾਂ, ਨੀਵੇਂ ਹਾਂ, ਅਸੀਂ ਲੋਭੀ ਤੈਥੋਂ ਦਾਤਾਂ ਲੈ ਕੇ ਭੁਲ ਭੁਲਾ ਜਾਂਦੇ ਹਾਂ।

ਕਿਰਪਾਲੂ ਪਿਤਾ ਜੀ, ਤੂੰ ਚੰਗਾ ਹੈਂ ਅਸੀਂ ਮੰਦੇ ਹਾਂ, ਤੂੰ ਗੁਣਾਂ ਵਾਲਾ ਹੈਂ ਅਸੀਂ ਔਗੁਣਿਆਰੇ ਹਾਂ, ਤੂੰ ਦਿਆਲੂ ਹੈਂ ਅਸੀਂ ਖੋਟੇ ਹਾਂ। ਪ੍ਰਭੂ ਜੀ, ਦਿਸਣ ਨੂੰ ਤਾਂ ਅਸੀਂ ਚੰਗੇ



ਹਾਂ, ਪਰ ਅਮਲ ਸਾਡੇ ਬੁਰੇ ਹਨ।

ਮਿਹਰਵਾਨ ਪਿਤਾ ਜੀਉ, ਤੂੰ ਹੀ ਮੇਰਾ ਮਾਤ-ਪਿਤਾ, ਮੇਰਾ ਸਖਾ-ਸਹਾਈ, ਮੇਰੀ ਜਿੰਦ-ਜਾਨ ਤੇ ਮੇਰਾ ਰਖਵਾਲਾ ਹੈਂ। ਤੁਸੀਂ ਮੇਰੀਆਂ ਭੁੱਲਾਂ ਨਾ ਤੱਕੋ, ਮੂਰਖ ਬੱਚੇ ਦੀਆਂ ਭੁੱਲਾਂ ਮਾਫ਼ ਕਰ ਦਿਓ ਅਤੇ ਮੈਂ ਅੰਞਾਣ ਨੂੰ ਮਤਿ ਦਿਓ। ਸੁਹਣੇ ਦਾਤਾ ਜੀਉ, ਤੇਰੇ ਬਿਨਾਂ ਮੇਰਾ ਹੋਰ ਕੌਣ ਹੈ।

ਰਖਵਾਲੇ ਪਿਤਾ ਜੀਉ, ਜੇ ਤੂੰ ਮੇਰੇ ਵਲ ਹੋਵੇਂ ਤਾਂ ਮੈਨੂੰ ਕਿਸੇ ਗੱਲ ਦੀ ਕਮੀ ਨਹੀਂ, ਮੈਨੂੰ ਕੋਈ ਦੁਖ ਨਹੀਂ, ਮੇਰਾ ਕੋਈ ਵੈਰੀ ਨਹੀਂ, ਸਗੋਂ ਤੇਰੇ ਨਾਲ ਪਿਆਰ ਕਰ ਕਰ ਕੇ ਮੈਂ ਸਦਾ ਸੁਖੀ ਹਾਂ।

ਬਖ਼ਸ਼ਿੰਦ ਪਿਤਾ ਜੀ, ਮੈਨੂੰ ਨਿਡਰਤਾ ਬਖ਼ਸ਼, ਸੂਰਬੀਰਤਾ ਬਖ਼ਸ਼, ਨੇਕੀ ਬਖ਼ਸ਼, ਨੇਕ ਬੰਦਿਆਂ ਦੀ ਸੰਗਤਿ ਬਖ਼ਸ਼, ਨਿਮਰਤਾ ਬਖ਼ਸ਼, ਪਾਣੀ ਢੋਣ ਤੇ ਪੱਖਾ ਝਲਣ ਦੀ ਸੇਵਾ ਬਖ਼ਸ਼, ਆਪਣੀ ਮਿੱਠੀ ਮਿੱਠੀ ਯਾਦ ਬਖ਼ਸ਼ ਅਤੇ ਹਰ ਦਮ ਮੇਰੇ ਅੰਦਰ ਵਸ ਕੇ ਮੇਰੀ ਅਗਵਾਈ ਕਰ।

ਮੇਰੀ ਬੇਨਤੀ ਹੈ ਪਿਤਾ ਜੀ, ਤੁਸੀਂ ਮੈਨੂੰ ਮਿਲੋ, ਤੇਰੇ ਬਿਨਾਂ ਇਹ ਜੀਵਨ ਕੁਝ ਨਹੀਂ। ਮੇਰੇ ਸੁਹਣੇ ਲਾਲਨ ਜੀਉ, ਮੈਂ ਤੈਥੋਂ ਵਿਛੜਿਆ ਹੋਇਆ ਹਾਂ। ਸਤਿਗੁਰੂ ਜੀ, ਮੈਂ ਵਿਛੜੇ ਹੋਏ ਨੂੰ ਮਿਲਾ ਲਓ, ਅੰਮ੍ਰਿਤ-ਨਾਮ ਪੀਣ ਦੀ ਜਾਚ ਦੱਸੋ,

ਤਾਂ ਜੁ ਮੇਰੀਆਂ ਭੁੱਖਾਂ ਮਿਟਣ। ਧਨ-ਪਦਾਰਥ ਤੇ ਰੂਪ-ਰੰਗ ਵਿਚ ਵੀ ਹਰਿ-ਨਾਮ ਨਾਲ ਪ੍ਰੀਤ ਬਣੇ ਤੇ ਬਾਕੀ ਸਭ ਸੁਆਦ ਫਿਕੇ ਫਿਕੇ ਜਾਪਣ।

ਸਾਹਿਬ ਜੀਉ, ਤੁਸੀਂ ਹਰ ਮੁਸ਼ਕਲ ਵਿਚ ਮੇਰੇ ਸਹਾਈ ਬਣੋ। ਮੇਰੇ ਗੋਬਿੰਦ ਜੀਉ, ਤੇਰਾ ਨਾਮ ਹੀ ਸਭ ਦੁਖਾਂ ਦਾ ਦਾਰੂ ਹੈ। ਤਾਂ ਤੇ:

**ਮਨ ਤਨ ਅੰਤਰਿ ਵਸੁ, ਦੂਖਾ ਨਾਸੁ ਹੋਇ॥**
**ਹਥ ਦੇਇ ਆਪਿ ਰਖੁ, ਵਿਆਪੈ ਭਉ ਨ ਕੋਇ॥**

ਕੁਝ ਇਸ ਤਰ੍ਹਾਂ ਦੇ ਭਾਵਾਂ ਦੇ ਸ਼ਬਦ ਹਨ ਇਸ ਸੰਗ੍ਰਹਿ ਵਿਚ। ਗੁਰੂ ਮਿਹਰ ਕਰੇ, ਇਹ ਬੇਨਤੀਆਂ ਸਾਡੇ ਅੰਦਰ ਵਸਣ, ਜਿਸ ਨਾਲ ਅਸੀਂ ਜੀਵਨ ਨੂੰ ਸਹੀ ਰਾਹ 'ਤੇ ਤੋਰ ਸਕੀਏ!

*ਪ੍ਰਾਰਥਕ:*
**ਸਿੰਘ ਬ੍ਰਦਰਜ਼**



# ਪਾਠਕਾਂ ਪ੍ਰਤੀ

੧. ਇਸ ਗੁਟਕੇ ਵਿਚ ਬੇਨਤੀ ਦੇ ਛੋਟੇ ਛੋਟੇ ੧੫੨ ਸ਼ਬਦ ਹਨ। ਇਹ ਸਾਡੀ ਨਿਤ ਦੀ ਪ੍ਰਾਰਥਨਾ ਲਈ ਹਨ।

੨. ਔਖੇ ਸ਼ਬਦਾਂ ਨਾਲ ਬਰੀਕ ੧, ੨, ੩, ੪ ਆਦਿ ਨੰਬਰ ਲਾ ਕੇ ਹੇਠਾਂ ਅਰਥ ਦਿੱਤੇ ਗਏ ਹਨ।

੩. ਸ਼ਬਦਾਂ ਦੇ ਦੋ ਤਤਕਰੇ ਹਨ:
   (ੳ) ਪਹਿਲਾ ਤਤਕਰਾ ਮੁਢ ਵਿਚ ਹੈ, ਜੋ ਸਫ਼ੇਵਾਰ ਭਾਵਾਂ ਦੀ ਲੜੀ ਅਨੁਸਾਰ ਹੈ।
   (ਅ) ਦੂਜਾ ਤਤਕਰਾ ਅਖ਼ੀਰ ਵਿਚ ਹੈ। ਇਸ ਤਤਕਰੇ ਵਿਚ ਸਾਰੇ ਸ਼ਬਦਾਂ ਦੀਆਂ ਧਾਰਨਾ ਵਾਲੀਆਂ ਪੰਗਤੀਆਂ ਵੀ ਹਨ ਅਤੇ ਇਹ ਤਤਕਰਾ ੳ, ਅ, ੲ, ਸ, ਆਦਿ ਦੇ ਕ੍ਰਮ ਅਨੁਸਾਰ ਹੈ।

੪. ਹਰ ਸ਼ਬਦ ਵਿਚ ਧਾਰਨਾ ਵਾਲੀ ਪੰਗਤੀ ਦੇ ਨਾਲ *(ਇਹ ਨਿਸ਼ਾਨ) ਦੇ ਦਿੱਤਾ ਹੈ।

# ਸ਼ਬਦਾਂ ਦਾ ਤਤਕਰਾ


ਕਰਉ ਬੰਦਨਾ ਅਨਿਕ ਵਾਰ ੧੩
ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ੧੩
ਤੂ ਠਾਕੁਰੁ ਤੁਮ ਪਹਿ ਅਰਦਾਸਿ ੧੪
ਜਗਤੁ ਜਲੰਦਾ ਰਖਿ ਲੈ ੧੫
ਊਚ ਅਪਾਰ ਬੇਅੰਤ ਸੁਆਮੀ ੧੫
ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ੧੬
ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ ੧੭
ਕੋਊ ਹਰਿ ਸਮਾਨਿ ਨਹੀ ਰਾਜਾ ੧੮
ਐਸੀ ਲਾਲ ਤੁਝ ਬਿਨੁ ਕਉਨੁ ਕਰੈ ੧੯
ਮਿਹਰਵਾਨੁ ਸਾਹਿਬੁ ਮਿਹਰਵਾਨੁ ੨੦
ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ੨੧
ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ ੨੨
ਤੁਝ ਬਿਨੁ ਅਵਰੁ ਨਾਹੀ ਮੈ ਦੂਜਾ ੨੩
ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ੨੪
ਅਬ ਹਮ ਚਲੀ ਠਾਕੁਰ ਪਹਿ ਹਾਰਿ ੨੫
ਤੂੰ ਜੀਵਨੁ ਤੂੰ ਪ੍ਰਾਨ ਅਧਾਰਾ ੨੬
ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ੨੭
ਹਰਿ ਜੀ ਮਾਤਾ ਹਰਿ ਜੀ ਪਿਤਾ ੨੮
ਸੁਤੁ ਅਪਰਾਧ ਕਰਤ ਹੈ ਜੇਤੇ ੨੯
ਖੀਰ ਅਧਾਰਿ ਬਾਰਿਕੁ ਜਬ ਹੋਤਾ ੩੦





ਸੋਈ ਕਰਾਇ ਜੋ ਤੁਧੁ ਭਾਵੈ ੩੧
ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ੩੨
ਤੂ ਮੇਰਾ ਤਰੰਗੁ ਹਮ ਮੀਨ ਤੁਮਾਰੇ ੩੩
ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ ੩੪
ਮੋਹਿ ਮਛੁਲੀ ਤੁਮ ਨੀਰ ੩੫
ਤੁਝੁ ਊਪਰਿ ਮੇਰਾ ਹੈ ਮਾਣਾ ੩੬
ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ੩੭
ਤੂ ਸਮਰਥੁ ਵਡਾ, ਮੇਰੀ ਮਤਿ ਥੋਰੀ ਰਾਮ ੩੮
ਤੂ ਸਮਰਥੁ ਸਦਾ, ਹਮ ਦੀਨ ਭੇਖਾਰੀ ਰਾਮ ੩੯
ਤੂ ਬੇਅੰਤੁ ਕੋ ਵਿਰਲਾ ਜਾਣੈ ੪੦
ਤੁਧੁ ਧਿਆਇਨਿ੍ ਬੇਦ ਕਤੇਬਾ ੪੧
ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ ੪੨
ਅਤਿ ਊਚਾ ਤਾ ਕਾ ਦਰਬਾਰਾ ੪੩
ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ੪੪
ਦਾਤਾ ਓਹੁ ਨ ਮੰਗੀਐ ਫਿਰਿ ਮੰਗਣਿ ਜਾਈਐ ੪੫
ਲੋੜੀਦੜਾ ਸਾਜਨੁ ਮੇਰਾ ੪੬
ਹਉ ਕਿਆ ਸਾਲਾਹੀ ਕਿਰਮ ਜੰਤੁ ੪੭
ਦੇਹ ਸ਼ਿਵਾ ਬਰ ਮੋਹਿ ਇਹੈ ੪੮
ਹੇ ਰਵਿ ਹੇ ਸਸਿ ਹੇ ਕਰੁਣਾਨਿਧ ੪੯
ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ ੫੦
ਇਕ ਬਿਨਉ ਕਰਉ ਜੀਉ ੫੧
ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹਿ ੫੨
ਸੁਣਿ ਯਾਰ ਹਮਾਰੇ ਸਜਣ ੫੩

ਸੁਣਿ ਨਾਹ ਪਿਆਰੇ ਇਕ ਬਿਨੰਤੀ ਮੇਰੀ ੫੪
ਸੁਨਹੁ ਬਿਨੰਤੀ ਠਾਕੁਰ ਮੇਰੇ ੫੫
ਦਾਸ ਤੇਰੇ ਕੀ ਬੇਨਤੀ ਰਿਦ ਕਰਿ ਪਰਗਾਸੁ ੫੬
ਠਾਕੁਰ ਬਿਨਤੀ ਕਰਨ ਜਨੁ ਆਇਓ ੫੭
ਠਾਕੁਰ ਤੁਮ੍ ਸਰਣਾਈ ਆਇਆ ੫੮
ਤੂੰ ਦਾਤਾ ਜੀਆ ਸਭਨਾ ਕਾ ੫੯
ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ ੬੦
ਰਾਖੁ ਸਦਾ ਪ੍ਰਭ ਅਪਨੈ ਸਾਥ ੬੧
ਤੁਮ ਦਾਤੇ ਠਾਕੁਰ ਪ੍ਰਤਿਪਾਲਕ ੬੨
ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ੬੩
ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ੬੪
ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ ੬੫
ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ੬੬
ਗਲੀਂ ਅਸੀ ਚੰਗੀਆ ੬੭
ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ੬੮
ਹਉ ਅਪਰਾਧੀ ਗੁਨਹਗਾਰ ੬੯
ਕੁਚਿਲ ਕਠੋਰ ਕਪਟ ਕਾਮੀ ੭੦
ਅਸੀ ਖਤੇ ਬਹੁਤੁ ਕਮਾਵਦੇ ੭੧
ਹਮ ਮੈਲੇ ਤੁਮ ਊਜਲ ਕਰਤੇ ੭੨
ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ੭੩
ਹਮਰੀ ਗਣਤ ਨ ਗਣੀਆ ਕਾਈ ੭੪
ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ ੭੫
ਹਮਰੀ ਜਿਹਬਾ ਏਕ ਪ੍ਰਭ ੭੬





ਰਾਖੁ ਪਿਤਾ ਪ੍ਰਭ ਮੇਰੇ ੭੭
ਕਰਿ ਕਿਰਪਾ ਕਿਰਪਾਲ ਆਪੇ ਬਖਸਿ ਲੈ ੭੮
ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ੭੯
ਮਨ ਜਿਉ ਅਪੁਨੇ ਪ੍ਰਭ ਭਾਵਉ ੮੦
ਹਉ ਮਾਗਉ ਤੁਝੈ ਦਇਆਲ ਕਰਿ ਦਾਸਾ ਗੋਲਿਆ ੮੧
ਪਾਨੀ ਪਖਾ ਪੀਸਉ ਸੰਤ ਆਗੈ ੮੨
ਪ੍ਰਭ ਇਹੈ ਮਨੋਰਥੁ ਮੇਰਾ ੮੩
ਮੈ ਬੰਦਾ ਬੈਖਰੀਦੁ ਸਚੁ ਸਾਹਿਬੁ ਮੇਰਾ ੮੪
ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ੮੫
ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ੮੬
ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ ੮੭
ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ੮੮
ਮੋਹਨ ਘਰਿ ਆਵਉ ਕਰਉ ਜੋਦਰੀਆ ੮੯
ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ੯੦
ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ੯੧
ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ੯੨
ਮੂ ਲਾਲਨ ਸਿਉ ਪ੍ਰੀਤਿ ਬਨੀ ੯੩
ਜਿਉ ਮਛੁਲੀ ਬਿਨੁ ਪਾਣੀਐ ੯੪
ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ ੯੫
ਕਰਵਤੁ ਭਲਾ ਨ ਕਰਵਟ ਤੇਰੀ ੯੬
ਝਖੜੁ ਝਾਗੀ ਮੀਹੁ ਵਰਸੈ ੯੭
ਸਤਿਗੁਰ ਆਇਓ ਸਰਣਿ ਤੁਹਾਰੀ ੯੮
ਜੈਸਾ ਸਤਿਗੁਰੁ ਸੁਣੀਦਾ ੯੯

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ੯੯
ਸਤਿਗੁਰੁ ਗੁਣੀ ਨਿਧਾਨੁ ਹੈ ੧੦੦
ਸਤਿਗੁਰੁ ਮੇਰਾ ਬੇਮੁਹਤਾਜੁ ੧੦੧
ਗੁਰੂ ਗੁਰੂ ਗੁਰੁ ਕਰਿ ਮਨ ਮੋਰ ੧੦੨
ਓਅੰ ਪ੍ਰਿਅ ਪ੍ਰੀਤਿ ਚੀਤਿ ਪਹਿਲਰੀਆ ੧੦੩
ਅਬਿਚਲ ਨਗਰੁ ਗੋਬਿੰਦ ਗੁਰੂ ਕਾ ੧੦੪
ਸੰਤਾ ਕੇ ਕਾਰਜਿ ਆਪਿ ਖਲੋਇਆ ੧੦੫
ਰਾਮਦਾਸ ਸਰੋਵਰਿ ਨਾਤੇ ੧੦੬
ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ੧੦੭
ਪਾਰਬ੍ਰਹਮ ਪਰਮੇਸਰ ਸਤਿਗੁਰ ੧੦੮
ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ ੧੦੯
ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ੧੧੦
ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ੧੧੧
ਹਮ ਘਰਿ ਸਾਜਨ ਆਏ ੧੧੨
ਭਾਗਠੜੇ ਹਰਿ ਸੰਤ ਤੁਮ੍ਹਾਰੇ ੧੧੩
ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ੧੧੪
ਸਾਧੂ ਸੰਗਿ ਸਿਖਾਇਓ ਨਾਮੁ ੧੧੫
ਅੰਮ੍ਰਿਤੁ ਨਾਮੁ ਨਿਧਾਨੁ ਹੈ ੧੧੬
ਹਰਿ ਕਾ ਨਾਮੁ ਰਿਦੈ ਨਿਤ ਧਿਆਈ ੧੧੬
ਇਛਾ ਪੂਰਕੁ ਸਰਬ ਸੁਖਦਾਤਾ ਹਰਿ ੧੧੭
ਹਰਿ ਕੋ ਨਾਮੁ ਸਦਾ ਸੁਖਦਾਈ ੧੧੮
ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ੧੧੯
ਜੀਵਉ ਨਾਮੁ ਸੁਨੀ ੧੨੦





ਸਦਾ ਸਦਾ ਜਪੀਐ ਪ੍ਰਭ ਨਾਮ ੧੨੧
ਰਾਮੁ ਜਪਉ ਜੀਅ ਐਸੇ ਐਸੇ ੧੨੨
ਮਨ ਮੇਰੇ ਹਰਿ ਕੇ ਚਰਨ ਰਵੀਜੈ ੧੨੩
ਰਾਜ ਲੀਲਾ ਤੇਰੈ ਨਾਮਿ ਬਨਾਈ ੧੨੪
ਮਨੁ ਰਤਾ ਗੋਵਿੰਦ ਸੰਗਿ ਸਚੁ ਭੋਜਨੁ ਜੋੜੇ ੧੨੫
ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ ੧੨੫
ਦਿਨੁ ਰਾਤੀ ਆਰਾਧਹੁ ਪਿਆਰੋ ੧੨੬
ਧਨਵੰਤ ਨਾਮ ਕੇ ਵਣਜਾਰੇ ੧੨੭
ਹਰਿ ਰਸੁ ਪੀਵਤ ਸਦ ਹੀ ਰਾਤਾ ੧੨੮
ਬਿਖੈ ਬਨ ਫੀਕਾ ਤਿਆਗਿ ਰੀ ਸਖੀਏ ੧੨੯
ਹਰਿ ਬਿਸਰਤ ਸਦਾ ਖੁਆਰੀ ੧੩੦
ਦਿਲਹੁ ਮੁਹਬਤਿ ਜਿੰਨ ਸੇਈ ਸਚਿਆ ੧੩੧
ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ ੧੩੨
ਪ੍ਰਭ ਕੀਜੈ ਕ੍ਰਿਪਾ ਨਿਧਾਨ ੧੩੩
ਤੁਧੁ ਚਿਤਿ ਆਏ ਮਹਾ ਅਨੰਦਾ ੧੩੪
ਹਰਣੀ ਹੋਵਾ ਬਨਿ ਬਸਾ ੧੩੫
ਸੰਤਾ ਕੀ ਹੋਇ ਦਾਸਰੀ ਏਹੁ ਆਚਾਰਾ ਸਿਖੁ ਰੀ ੧੩੬
ਰਾਮੁ ਸਿਮਰੁ ਪਛੁਤਾਹਿਗਾ ਮਨ ੧੩੭
ਭਈ ਪਰਾਪਤਿ ਮਾਨੁਖ ਦੇਹੁਰੀਆ ੧੩੮
ਗੁਰ ਸਤਿਗੁਰ ਕਾ ਜੋ ਸਿਖ ਅਖਾਏ ੧੩੯
ਹਉ ਤਿਸੁ ਘੋਲਿ ਘੁਮਾਇਆ ੧੪੦
ਸਰਵਰ ਹੰਸ ਧੁਰੇ ਹੀ ਮੇਲਾ ੧੪੧
ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ੧੪੨

ਅਪੁਨੇ ਸੇਵਕ ਕੀ ਆਪੇ ਰਾਖੈ ੧੪੩
ਅਉਖੀ ਘੜੀ ਨ ਦੇਖਣ ਦੇਈ ੧੪੪
ਤਾਤੀ ਵਾਉ ਨ ਲਗਈ ੧੪੫
ਅਵਰਿ ਉਪਾਵ ਸਭਿ ਤਿਆਗਿਆ ੧੪੬
ਜਨਮ ਜਨਮ ਕੇ ਦੂਖ ਨਿਵਾਰੈ ੧੪੭
ਦੁਖ ਭੰਜਨੁ ਤੇਰਾ ਨਾਮੁ ਜੀ ੧੪੮
ਘਰਿ ਬਾਹਰਿ ਤੇਰਾ ਭਰਵਾਸਾ ੧੪੯
ਊਠਤ ਸੁਖੀਆ ਬੈਠਤ ਸੁਖੀਆ ੧੫੦
ਰੋਗੁ ਮਿਟਾਇਆ ਆਪਿ ਪ੍ਰਭਿ ੧੫੧
ਅਪਣੇ ਬਾਲਕ ਆਪਿ ਰਖਿਅਨੁ ੧੫੨
ਜਿਸ ਕੇ ਸਿਰ ਊਪਰਿ ਤੂੰ ਸਵਾਮੀ ੧੫੩
ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ੧੫੪
ਨਾਲਿ ਨਰਾਇਣੁ ਮੇਰੈ ੧੫੫
ਹਰਿ ਮਨਿ ਤਨਿ ਵਸਿਆ ਸੋਈ ੧੫੬
ਗੁਰ ਕਾ ਸਬਦੁ ਰਖਵਾਰੇ ੧੫੭
ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ੧੫੮
ਸੰਤ ਜਨਾ ਮਿਲਿ ਹਰਿ ਜਸੁ ਗਾਇਓ ੧੫੮


●



ਸਲੋਕੁ (ਥਿਤੀ ਗਉੜੀ)

*ਕਰਉ ਬੰਦਨਾ[1] ਅਨਿਕ ਵਾਰ
ਸਰਨਿ ਪਰਉ ਹਰਿ ਰਾਇ ॥
ਭ੍ਰਮੁ ਕਟੀਐ ਨਾਨਕ ਸਾਧ ਸੰਗਿ
ਦੁਤੀਆ[2] ਭਾਉ ਮਿਟਾਇ ॥

ਪਉੜੀ (ਵਾਰ ਸਿਰੀ ਰਾਗ)

*ਕੀਤਾ ਲੋੜੀਐ ਕੰਮੁ, ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ, ਸਤਿਗੁਰ ਸਚੁ ਸਾਖੀਐ[3] ॥
ਸੰਤਾ ਸੰਗਿ ਨਿਧਾਨੁ[4], ਅੰਮ੍ਰਿਤੁ ਚਾਖੀਐ ॥
[5]ਭੈ ਭੰਜਨ ਮਿਹਰਵਾਨ, ਦਾਸ ਕੀ ਰਾਖੀਐ ॥
ਨਾਨਕ ਹਰਿ ਗੁਣ ਗਾਇ, ਅਲਖੁ[6] ਪ੍ਰਭੁ ਲਾਖੀਐ ॥
੨੦॥

---

੧. ਨਮਸਕਾਰ। ੨. ਦੂਜਾ। ੩. ਗਵਾਹੀ ਨਾਲ। ੪. ਖ਼ਜ਼ਾਨਾ, ਨਾਮ। ੫. ਡਰ ਦੂਰ ਕਰਨ ਵਾਲਾ ਵਾਹਿਗੁਰੂ। ੬. ਨਾ ਜਾਣਿਆ ਜਾਣ ਵਾਲਾ ਪ੍ਰਭੂ।

[ਸੁਖਮਨੀ ਸਾਹਿਬ ਵਿਚੋਂ]

*ਤੂ ਠਾਕੁਰੁ ਤੁਮ ਪਹਿ ਅਰਦਾਸਿ ॥
ਜੀਉ ਪਿੰਡੁ[1] ਸਭੁ ਤੇਰੀ ਰਾਸਿ[2] ॥

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ[3] ॥

ਕੋਇ ਨ ਜਾਨੈ ਤੁਮਰਾ ਅੰਤੁ ॥
ਊਚੇ ਤੇ ਊਚਾ ਭਗਵੰਤ ॥

ਸਗਲ ਸਮਗ੍ਰੀ[4] ਤੁਮਰੈ ਸੂਤ੍ਰਿ[5] ਧਾਰੀ ॥
ਤੁਮ ਤੇ ਹੋਇ ਸੁ ਆਗਿਆਕਾਰੀ ॥

ਤੁਮਰੀ ਗਤਿ[6] ਮਿਤਿ[7] ਤੁਮ ਹੀ ਜਾਨੀ ॥
ਨਾਨਕ ਦਾਸ ਸਦਾ ਕੁਰਬਾਨੀ ॥੮॥੪॥

---

੧. ਸਰੀਰ। ੨. ਪੂੰਜੀ, ਬਖ਼ਸ਼ਸ਼। ੩. ਬਹੁਤੇ। ੪. ਪਦਾਰਥ। ੫. ਹੁਕਮ ਵਿਚ। ੬. ਹਾਲਤ। ੭. ਮਰਯਾਦਾ।



ਸਲੋਕ ਮਹਲਾ ੩ (ਵਾਰ ਬਿਲਾਵਲ)

*ਜਗਤੁ ਜਲੰਦਾ ਰਖਿ ਲੈ, ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ[1], ਤਿਤੈ ਲੈਹੁ ਉਬਾਰਿ ॥
ਸਤਿਗੁਰਿ ਸੁਖੁ ਵੇਖਾਲਿਆ, ਸਚਾ ਸਬਦੁ ਬੀਚਾਰਿ ॥
ਨਾਨਕ ਅਵਰੁ ਨ ਸੁਝਈ,
ਹਰਿ ਬਿਨੁ ਬਖਸਣਹਾਰੁ ॥੧॥

ਬਿਲਾਵਲੁ ਮਹਲਾ ੫

ਊਚ ਅਪਾਰ ਬੇਅੰਤ ਸੁਆਮੀ
*ਕਉਣੁ ਜਾਣੈ ਗੁਣ ਤੇਰੇ ॥
ਗਾਵਤੇ ਉਧਰਹਿ ਸੁਣਤੇ ਉਧਰਹਿ
ਬਿਨਸਹਿ ਪਾਪ ਘਨੇਰੇ[2] ॥
ਪਸੂ ਪਰੇਤ ਮੁਗਧ[3] ਕਉ ਤਾਰੇ
ਪਾਹਨ[4] ਪਾਰਿ ਉਤਾਰੈ ॥
ਨਾਨਕ ਦਾਸ ਤੇਰੀ ਸਰਣਾਈ
ਸਦਾ ਸਦਾ ਬਲਿਹਾਰੈ ॥੪॥੧॥

---

੧ ਬਚ ਸਕਦਾ ਹੈ। ੨. ਬਹੁਤੇ। ੩. ਮੂਰਖ। ੪. ਪੱਥਰ।

ਰਾਗੁ ਸੂਹੀ ਮਹਲਾ ੫

*ਮਿਠਬੋਲੜਾ ਜੀ
ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ[੧] ਥਕੀ ਜੀ
ਓਹੁ ਕਦੇ ਨ ਬੋਲੈ ਕਉਰਾ ॥
ਕਉੜਾ ਬੋਲਿ ਨ ਜਾਨੈ, ਪੂਰਨ ਭਗਵਾਨੈ
ਅਉਗਣੁ ਕੋ ਨ ਚਿਤਾਰੇ ॥
[੨]ਪਤਿਤ ਪਾਵਨੁ ਹਰਿ ਬਿਰਦੁ ਸਦਾਏ
ਇਕੁ ਤਿਲੁ ਨਹੀ ਭੰਨੈ ਘਾਲੇ[੩] ॥
[੪]ਘਟ ਘਟ ਵਾਸੀ, ਸਰਬ ਨਿਵਾਸੀ
ਨੇਰੈ ਹੀ ਤੇ ਨੇਰਾ ॥
ਨਾਨਕ ਦਾਸੁ ਸਦਾ ਸਰਣਾਗਤਿ[੫]
ਹਰਿ ਅੰਮ੍ਰਿਤ ਸਜਣੁ ਮੇਰਾ ॥੧॥

---

੧. ਪਰਤਾਵਾ ਕਰ ਕੇ। ੨. ਪਾਪੀਆਂ ਨੂੰ ਪਵਿੱਤਰ ਕਰਨ ਵਾਲਾ। ੩. ਕੀਤੀ ਹੋਈ ਮਿਹਨਤ ਨੂੰ। ੪. ਹਰੇਕ ਜੀਵ ਵਿਚ। ੫. ਸ਼ਰਨ ਵਿਚ।



ਦੇਵਗੰਧਾਰੀ ੫

ਅੰਮ੍ਰਿਤਾ ਪ੍ਰਿਅ[੧] ਬਚਨ ਤੁਹਾਰੇ ॥
ਅਤਿ ਸੁੰਦਰ ਮਨਮੋਹਨ ਪਿਆਰੇ
ਸਭ ਹੂ ਮਧਿ[੨] ਨਿਰਾਰੇ[੩] ॥੧॥ਰਹਾਉ॥
ਰਾਜੁ ਨ ਚਾਹਉ ਮੁਕਤਿ ਨ ਚਾਹਉ
*ਮਨਿ ਪ੍ਰੀਤਿ ਚਰਨ ਕਮਲਾਰੇ ॥
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ
ਮੋਹਿ ਠਾਕੁਰ ਹੀ ਦਰਸਾਰੇ ॥੧॥
ਦੀਨੁ[੪] ਦੁਆਰੇ ਆਇਓ ਠਾਕੁਰ
ਸਰਨਿ ਪਰਿਓ ਸੰਤ ਹਾਰੇ[੫] ॥
ਕਹੁ ਨਾਨਕ ਪ੍ਰਭ ਮਿਲੇ ਮਨੋਹਰ
ਮਨੁ ਸੀਤਲ ਬਿਗਸਾਰੇ[੬] ॥੨॥੩॥

---

੧. ਪਿਆਰੇ। ੨. ਵਿਚ। ੩. ਵਖਰੇ। ੪. ਨਿਮਾਣਾ। ੫. ਹਾਰ ਕੇ। ੬. ਖਿੜ ਗਿਆ ਹੈ।

## ਬਿਲਾਵਲੁ ਕਬੀਰ ਜੀਉ

*ਕੋਊ ਹਰਿ ਸਮਾਨਿ ਨਹੀ ਰਾਜਾ ॥

ਏ ਭੂਪਤਿ[੧] ਸਭ ਦਿਵਸ ਚਾਰਿ ਕੇ
ਝੂਠੇ ਕਰਤ ਦਿਵਾਜਾ[੨] ॥੧॥ਰਹਾਉ॥

ਤੇਰੋ ਜਨੁ ਹੋਇ ਸੋਇ ਕਤ ਡੋਲੈ
ਤੀਨਿ ਭਵਨ ਪਰ ਛਾਜਾ[੩] ॥

ਹਾਥੁ ਪਸਾਰਿ ਸਕੈ ਕੋ ਜਨ ਕਉ
[੪]ਬੋਲਿ ਸਕੈ ਨ ਅੰਦਾਜਾ ॥੧॥

ਚੇਤਿ ਅਚੇਤ ਮੂੜ ਮਨ ਮੇਰੇ
ਬਾਜੇ ਅਨਹਦ ਬਾਜਾ ॥

ਕਹਿ ਕਬੀਰ ਸੰਸਾ ਭ੍ਰਮੁ ਚੂਕੋ[੫]
ਧ੍ਰੂ ਪ੍ਰਹਿਲਾਦ ਨਿਵਾਜਾ[੬] ॥੨॥੫॥

---

੧. ਰਾਜੇ। ੨. ਵਿਖਾਵਾ। ੩. ਛਾਇਆ ਹੋਇਆ। ੪. ਵਡਿਆਈ ਦਾ ਅੰਦਾਜ਼ਾ ਨਹੀਂ ਲਾ ਸਕਦਾ। ੫. ਦੂਰ ਹੋ ਗਿਆ। ੬. ਵਡਿਆਇਆ।



## ਰਾਗੁ ਮਾਰੂ ਰਵਿਦਾਸ ਜੀਉ

*ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥

[੧]ਗਰੀਬ ਨਿਵਾਜੁ ਗੁਸਈਆ[੨] ਮੇਰਾ
ਮਾਥੈ ਛਤ੍ਰੁ ਧਰੈ ॥੧॥ਰਹਾਉ॥

ਜਾ ਕੀ ਛੋਤਿ[੩] ਜਗਤ ਕਉ ਲਾਗੈ
ਤਾ ਪਰ ਤੁਹੀ ਢਰੈ[੪] ॥

ਨੀਚਹ ਊਚ ਕਰੈ ਮੇਰਾ ਗੋਬਿੰਦੁ
ਕਾਹੂ ਤੇ ਨ ਡਰੈ ॥੧॥

ਨਾਮਦੇਵ ਕਬੀਰੁ ਤਿਲੋਚਨੁ
ਸਧਨਾ ਸੈਨੁ ਤਰੈ ॥

ਕਹਿ ਰਵਿਦਾਸੁ ਸੁਨਹੁ ਰੇ ਸੰਤਹੁ
ਹਰਿ ਜੀਉ ਤੇ ਸਭੈ ਸਰੈ[੫] ॥੨॥੧॥

---

੧. ਗ਼ਰੀਬਾਂ ਨੂੰ ਵੱਡਾ ਕਰਨ ਵਾਲਾ। ੨. ਪ੍ਰਭੂ। ੩. ਛੂਤ। ੪. ਮਿਹਰਵਾਨ ਹੁੰਦਾ। ੫. ਕਰ ਸਕਦਾ ਹੈ।

ਤਿਲੰਗ ਮਹਲਾ ੫ ਘਰੁ ੩

ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥ ਜੀਅ ਸਗਲ ਕਉ ਦੇਇ ਦਾਨੁ ॥ਰਹਾਉ॥ ਤੂ ਕਾਹੇ ਡੋਲਹਿ ਪ੍ਰਾਣੀਆ, ਤੁਧੁ ਰਾਖੈਗਾ, ਸਿਰਜਣਹਾਰੁ[1] ॥ ਜਿਨਿ ਪੈਦਾਇਸਿ ਤੂ ਕੀਆ, ਸੋਈ ਦੇਇ ਆਧਾਰੁ[2] ॥੧॥ ਜਿਨਿ ਉਪਾਈ ਮੇਦਨੀ[3], ਸੋਈ ਕਰਦਾ ਸਾਰ ॥ ਘਟਿ ਘਟਿ ਮਾਲਕੁ ਦਿਲਾ ਕਾ, ਸਚਾ ਪਰਵਦਗਾਰੁ[4] ॥੨॥ ਕੁਦਰਤਿ ਕੀਮ ਨ ਜਾਣੀਐ, ਵਡਾ ਵੇਪਰਵਾਹੁ ॥ *ਕਰਿ ਬੰਦੇ ਤੂ ਬੰਦਗੀ, ਜਿਚਰੁ ਘਟ ਮਹਿ ਸਾਹੁ ॥੩॥ ਤੂ ਸਮਰਥੁ[5] ਅਕਥੁ[6] ਅਗੋਚਰੁ[7], ਜੀਉ ਪਿੰਡੁ ਤੇਰੀ ਰਾਸਿ ॥ ਰਹਮ ਤੇਰੀ ਸੁਖੁ ਪਾਇਆ, ਸਦਾ ਨਾਨਕ ਕੀ ਅਰਦਾਸਿ ॥੪॥੩॥

---

੧. ਪੈਦਾ ਕਰਨ ਵਾਲਾ। ੨. ਰਿਜਕ। ੩. ਸ੍ਰਿਸ਼ਟੀ। ੪. ਪਾਲਣ ਵਾਲਾ। ੫. ਸਰਬ ਸ਼ਕਤੀਵਾਨ। ੬. ਜੋ ਬਿਆਨ ਨਾ ਕੀਤਾ ਜਾ ਸਕੇ। ੭. ਪਹੁੰਚ ਤੋਂ ਪਰੇ।



ਪਉੜੀ (ਮਾਰੂ ਡਖਣੇ)

*ਜਾ ਤੂ ਮੇਰੈ ਵਲਿ ਹੈ, ਤਾ ਕਿਆ ਮੁਹਛੰਦਾ[1] ॥
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥
ਲਖਮੀ ਤੋਟਿ ਨ ਆਵਈ, ਖਾਇ ਖਰਚਿ ਰਹੰਦਾ ॥
ਲਖ ਚਉਰਾਸੀਹ ਮੇਦਨੀ[2] ਸਭ ਸੇਵ ਕਰੰਦਾ ॥
ਏਹ ਵੈਰੀ ਮਿਤ੍ਰ ਸਭਿ ਕੀਤਿਆ
ਨਹ ਮੰਗਹਿ ਮੰਦਾ ॥
ਲੇਖਾ ਕੋਇ ਨ ਪੁਛਈ, ਜਾ ਹਰਿ ਬਖਸੰਦਾ ॥
ਅਨੰਦੁ ਭਇਆ ਸੁਖੁ ਪਾਇਆ
ਮਿਲਿ ਗੁਰ ਗੋਵਿੰਦਾ ॥
ਸਭੇ ਕਾਜ ਸਵਾਰਿਐ, ਜਾ ਤੁਧੁ ਭਾਵੰਦਾ ॥੭॥

---

੧. ਮੁਥਾਜੀ। ੨. ਸ੍ਰਿਸ਼ਟੀ।

## ਪਉੜੀ (ਵਾਰ ਰਾਮਕਲੀ)

*ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ ॥

ਜਿਸ ਨੋ ਤੂ ਰਖਵਾਲਾ ਜਿਤਾ ਤਿਨੈ ਭੈਣੁ[1] ॥

ਜਿਸ ਨੋ ਤੇਰਾ ਅੰਗੁ[2] ਤਿਸੁ ਮੁਖੁ ਉਜਲਾ ॥

ਜਿਸ ਨੋ ਤੇਰਾ ਅੰਗੁ ਸੁ ਨਿਰਮਲੀ ਹੂੰ ਨਿਰਮਲਾ ॥

ਜਿਸ ਨੋ ਤੇਰੀ ਨਦਰਿ ਨ ਲੇਖਾ ਪੁਛੀਐ ॥

ਜਿਸ ਨੋ ਤੇਰੀ ਖੁਸੀ ਤਿਨਿ ਨਉਨਿਧਿ ਭੁੰਚੀਐ[3] ॥

ਜਿਸ ਨੋ ਤੂ ਪ੍ਰਭ ਵਲਿ
ਤਿਸੁ ਕਿਆ ਮੁਹਛੰਦਗੀ[4] ॥

ਜਿਸ ਨੋ ਤੇਰੀ ਮਿਹਰ ਸੁ ਤੇਰੀ ਬੰਦਿਗੀ ॥੮॥

---

੧. ਭਵਣ, ਭਾਵ ਸੰਸਾਰ ਨੂੰ। ੨. ਸਹਾਰਾ। ੩. ਭੋਗਦਾ ਹੈ। ੪. ਮੁਥਾਜੀ।



## ਆਸਾ ਮਹਲਾ ੫

ਤੁਝ ਬਿਨੁ ਅਵਰੁ ਨਾਹੀ ਮੈ ਦੂਜਾ
ਤੂੰ ਮੇਰੇ ਮਨ ਮਾਹੀ[1] ॥

ਤੂੰ ਸਾਜਨੁ ਸੰਗੀ ਪ੍ਰਭੁ ਮੇਰਾ
ਕਾਹੇ ਜੀਅ ਡਰਾਹੀ ॥੧॥

*ਤੁਮਰੀ ਓਟ[2] ਤੁਮਾਰੀ ਆਸਾ ॥

ਬੈਠਤ ਊਠਤ ਸੋਵਤ ਜਾਗਤ
ਵਿਸਰੁ ਨਾਹੀ ਤੂੰ [3]ਸਾਸ ਗਿਰਾਸਾ ॥੧॥ਰਹਾਉ॥

ਰਾਖੁ ਰਾਖੁ ਸਰਣਿ ਪ੍ਰਭ ਅਪਨੀ
[4]ਅਗਨਿ ਸਾਗਰ ਵਿਕਰਾਲਾ[5] ॥

ਨਾਨਕ ਕੇ ਸੁਖਦਾਤੇ ਸਤਿਗੁਰ
ਹਮ ਤੁਮਰੇ ਬਾਲ ਗੁਪਾਲਾ[6] ॥੨॥੩੦॥

---

੧. ਅੰਦਰ। ੨. ਆਸਰਾ। ੩. ਸਾਹ ਬਾਹਰ ਤੇ ਅੰਦਰ ਜਾਂਦਿਆਂ। ੪. ਅੱਗ ਦਾ ਸਮੁੰਦਰ, ਭਾਵ ਵਿਸ਼ਿਆਂ ਭਰਿਆ ਸੰਸਾਰ। ੫. ਡਰਾਉਣਾ। ੬. ਹੇ ਵਾਹਿਗੁਰੂ!

ਸਿਰੀ ਰਾਗੁ ਮਹਲਾ ੫ ਘਰੁ ੭

*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥
ਭੂਲਹਿ ਚੂਕਹਿ ਬਾਰਿਕ,
ਤੂੰ ਹਰਿ ਪਿਤਾ ਮਾਇਆ[੧] ॥੧॥
ਸੁਹੇਲਾ[੨] ਕਹਨੁ ਕਹਾਵਨੁ ॥
ਤੇਰਾ ਬਿਖਮੁ[੩] ਭਾਵਨੁ ॥੧॥ਰਹਾਉ॥
ਹਉ ਮਾਣੁ ਤਾਣੁ ਕਰਉ ਤੇਰਾ,
[੪]ਹਉ ਜਾਨਉ ਆਪਾ ॥
ਸਭ ਹੀ ਮਧਿ ਸਭਹਿ ਤੇ ਬਾਹਰਿ
ਬੇਮੁਹਤਾਜ ਬਾਪਾ ॥੨॥
ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥
[੫]ਬੰਧਨ ਮੁਕਤੁ ਸੰਤਹੁ, ਮੇਰੀ [੬]ਰਾਖੈ ਮਮਤਾ ॥੩॥
ਭਏ ਕਿਰਪਾਲ ਠਾਕੁਰ, ਰਹਿਓ ਆਵਣ ਜਾਣਾ ॥
ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥੪॥੨੭॥

---

੧. ਮਾਤਾ। ੨. ਸੌਖਾ। ੩. ਔਖਾ। ੪. ਤੈਨੂੰ ਆਪਣਾ ਜਾਣਦਾ ਹਾਂ। ੫. ਬੰਧਨ ਕਟਣ ਵਾਲਾ ਪ੍ਰਭੂ। ੬. ਮੈਂ-ਮੇਰੀ ਤੋਂ ਬਚਾਂਦਾ ਹੈ।



ਦੇਵਗੰਧਾਰੀ ਮਹਲਾ ੪

ਅਬ ਹਮ ਚਲੀ [੧]ਠਾਕੁਰ ਪਹਿ ਹਾਰਿ[੨] ॥
ਜਬ ਹਮ ਸਰਣਿ ਪ੍ਰਭੂ ਕੀ ਆਈ
ਰਾਖੁ ਪ੍ਰਭੂ ਭਾਵੈ ਮਾਰਿ ॥੧॥ਰਹਾਉ॥
ਲੋਕਨ ਕੀ ਚਤੁਰਾਈ[੩] ਉਪਮਾ[੪]
ਤੇ ਬੈਸੰਤਰਿ[੫] ਜਾਰਿ[੬] ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ
ਹਮ ਤਨੁ ਦੀਓ ਹੈ ਢਾਰਿ[੭] ॥੧॥
ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ
ਤਿਸੁ ਰਾਖਹੁ ਕਿਰਪਾ ਧਾਰਿ ॥
ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ
*ਰਾਖਹੁ ਲਾਜ ਮੁਰਾਰਿ ॥੨॥੪॥

---

੧. ਪ੍ਰਭੂ ਪਾਸ। ੨. ਹਾਰ ਕੇ। ੩. ਚਲਾਕੀ। ੪. ਖ਼ੁਸ਼ਾਮਦ। ੫. ਅੱਗ ਵਿਚ। ੬. ਸਾੜ ਦਿੱਤੀਆਂ। ੭. ਸੌਂਪ ਦਿੱਤਾ।

ਸੂਹੀ ਮਹਲਾ ੫

ਤੂੰ ਜੀਵਨੁ ਤੂੰ [੧]ਪ੍ਰਾਨ ਅਧਾਰਾ ॥
ਤੁਝ ਹੀ [੨]ਪੇਖਿ ਪੇਖਿ ਮਨੁ ਸਾਧਾਰਾ[੩] ॥੧॥

*ਤੂੰ ਸਾਜਨੁ ਤੂੰ ਪ੍ਰੀਤਮੁ ਮੇਰਾ ॥
ਚਿਤਹਿ[੪] ਨ ਬਿਸਰਹਿ [੫]ਕਾਹੂ ਬੇਰਾ ॥੧॥ਰਹਾਉ॥

ਬੈਖਰੀਦੁ[੬] [੭]ਹਉ ਦਾਸਰੋ ਤੇਰਾ ॥
ਤੂੰ ਭਾਰੋ[੮] ਠਾਕੁਰੁ [੯]ਗੁਣੀ ਗਹੇਰਾ ॥੨॥

ਕੋਟਿ ਦਾਸ ਜਾ ਕੈ ਦਰਬਾਰੇ ॥
ਨਿਮਖ ਨਿਮਖ ਵਸੈ ਤਿਨ੍ ਨਾਲੇ ॥੩॥

ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥
[੧੦]ਓਤਿ ਪੋਤਿ ਨਾਨਕ ਸੰਗਿ ਬਸੇਰਾ ॥੪॥੫॥

---

੧. ਪ੍ਰਾਣਾਂ ਦਾ ਆਸਰਾ, ਵਾਹਿਗੁਰੂ। ੨. ਵੇਖ ਵੇਖ ਕੇ। ੩. ਹਰਾ ਹੁੰਦਾ ਹੈ। ੪. ਦਿਲ ਵਿਚੋਂ। ੫. ਕਿਸੇ ਵੇਲੇ ਵੀ। ੬. ਮੁੱਲ-ਖ਼ਰੀਦ। ੭. ਮੈਂ। ੮. ਬਹੁਤ ਵੱਡਾ। ੯. ਬਹੁਤ ਹੀ ਗੁਣਾਂ ਵਾਲਾ। ੧੦. ਤਾਣੇ ਪੇਟੇ ਵਾਂਗ।



ਮਾਝ ਮਹਲਾ ੫

*ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ[੧] ਤੂੰ ਮੇਰਾ ਭ੍ਰਾਤਾ ॥ ਤੂੰ ਮੇਰਾ ਰਾਖਾ ਸਭਨੀ ਥਾਈ, ਤਾ ਭਉ ਕੇਹਾ ਕਾੜਾ[੨] ਜੀਉ ॥੧॥ ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥ ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ ॥ ਤੁਝ ਬਿਨੁ ਦੂਜਾ ਅਵਰੁ ਨ ਕੋਈ, ਸਭੁ ਤੇਰਾ ਖੇਲੁ ਅਖਾੜਾ[੩] ਜੀਉ ॥੨॥ ਜੀਅ ਜੰਤ ਸਭਿ ਤੁਧੁ ਉਪਾਏ[੪] ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥ ਸਭ ਕਿਛੁ ਕੀਤਾ ਤੇਰਾ ਹੋਵੈ, ਨਾਹੀ ਕਿਛੁ ਅਸਾੜਾ ਜੀਉ ॥੩॥ ਨਾਮੁ ਧਿਆਇ ਮਹਾ ਸੁਖੁ ਪਾਇਆ ॥ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ[੫] ॥ [੬]ਗੁਰਿ ਪੂਰੈ [੭]ਵਜੀ ਵਾਧਾਈ ਨਾਨਕ ਜਿਤਾ ਬਿਖਾੜਾ[੮] ਜੀਉ ॥੪॥੩੧॥

---

੧. ਸਨਬੰਧੀ। ੨. ਚਿੰਤਾ। ੩. ਸੰਸਾਰ। ੪. ਪੈਦਾ ਕੀਤੇ। ੫. ਠੰਡਾ ਹੋਇਆ। ੬. ਪੂਰੇ ਗੁਰੂ ਦੀ ਰਾਹੀਂ। ੭. ਵਧਾਈ ਪ੍ਰਗਟ ਹੋਈ। ੮. ਔਖਾ ਮੈਦਾਨਿ-ਜੰਗ, ਭਾਵ, ਸੰਸਾਰ।

ਪਉੜੀ (ਮਾਰੂ ਡਖਣੇ ਵਾਰ)

*ਹਰਿ ਜੀ ਮਾਤਾ ਹਰਿ ਜੀ ਪਿਤਾ,
ਹਰਿ ਜੀਉ ਪ੍ਰਤਿਪਾਲਕ[1] ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥
ਸਹਜੇ ਸਹਜਿ ਖਿਲਾਇਦਾ,
ਨਹੀ ਕਰਦਾ ਆਲਕ[2] ॥
ਅਉਗਣੁ ਕੋ ਨ ਚਿਤਾਰਦਾ, ਗਲ ਸੇਤੀ ਲਾਇਕ ॥
ਮੁਹਿ ਮੰਗਾਂ ਸੋਈ ਦੇਵਦਾ,
ਹਰਿ ਪਿਤਾ ਸੁਖਦਾਇਕ ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ[3]
ਇਸੁ ਸਉਦੇ ਲਾਇਕ ॥
ਸਾਝੀ ਗੁਰ ਨਾਲਿ ਬਹਾਲਿਆ
ਸਰਬ ਸੁਖ ਪਾਇਕ ॥
ਮੈ ਨਾਲਹੁ ਕਦੇ ਨ ਵਿਛੁੜੈ
ਹਰਿ ਪਿਤਾ ਸਭਨਾ ਗਲਾ ਲਾਇਕ ॥੨੧॥

---

੧. ਪਾਲਣ ਵਾਲਾ। ੨. ਆਲਸ। ੩. ਉਸ ਨੇ ਬਖ਼ਸ਼ਸ਼ ਕੀਤੀ।



ਆਸਾ ਕਬੀਰ ਜੀ

ਸੁਤੁ[1] ਅਪਰਾਧ[2] ਕਰਤ ਹੈ ਜੇਤੇ ॥
ਜਨਨੀ[3] ਚੀਤਿ ਨ ਰਾਖਸਿ ਤੇਤੇ ॥੧॥

*ਰਾਮਈਆ[4] ਹਉ ਬਾਰਿਕੁ ਤੇਰਾ ॥
ਕਾਹੇ ਨ ਖੰਡਸਿ[5] ਅਵਗਨੁ ਮੇਰਾ ॥੧॥ਰਹਾਉ॥

ਜੇ ਅਤਿ ਕ੍ਰੋਪ[6] ਕਰੇ ਕਰਿ ਧਾਇਆ[7] ॥
ਤਾ ਭੀ ਚੀਤਿ ਨ ਰਾਖਸਿ ਮਾਇਆ[3] ॥੨॥

[8]ਚਿੰਤ ਭਵਨਿ ਮਨੁ ਪਰਿਓ ਹਮਾਰਾ ॥
ਨਾਮ ਬਿਨਾ ਕੈਸੇ ਉਤਰਸਿ ਪਾਰਾ ॥੩॥

ਦੇਹਿ ਬਿਮਲ[9] ਮਤਿ ਸਦਾ ਸਰੀਰਾ ॥
ਸਹਜਿ ਸਹਜਿ ਗੁਨ ਰਵੈ[10] ਕਬੀਰਾ ॥੪॥੩॥

---

੧. ਪੁੱਤਰ। ੨. ਦੋਸ਼। ੩. ਮਾਤਾ। ੪. ਵਾਹਿਗੁਰੂ। ੫. ਮਾਫ਼ ਕਰਦਾ। ੬. ਗੁੱਸਾ। ੭. ਧਾਵਾ ਕਰਦਾ, ਮਾਰਨ ਨੂੰ ਪੈਂਦਾ ਹੈ। ੮. ਚਿੰਤਾ ਦੇ ਘਰ ਵਿਚ। ੯. ਨਿਰਮਲ। ੧੦. ਚੇਤੇ ਕਰੇ।

ਮਲਾਰ ਮਹਲਾ ੫

ਖੀਰ[1] ਅਧਾਰਿ ਬਾਰਿਕੁ ਜਬ ਹੋਤਾ, ਬਿਨੁ ਖੀਰੈ ਰਹਨੁ ਨ ਜਾਈ ॥ [2]ਸਾਰਿ ਸਮ੍ਹਾਲਿ ਮਾਤਾ ਮੁਖਿ ਨੀਰੈ[3], ਤਬ ਓਹੁ [4]ਤ੍ਰਿਪਤਿ ਅਘਾਈ ॥੧॥ *ਹਮ ਬਾਰਿਕ ਪਿਤਾ ਪ੍ਰਭੁ ਦਾਤਾ॥ ਭੂਲਹਿ ਬਾਰਿਕ ਅਨਿਕ ਲਖ ਬਰੀਆ[5], ਅਨ ਠਉਰ[6] ਨਾਹੀ ਜਹ ਜਾਤਾ ॥੧॥ਰਹਾਉ॥ ਚੰਚਲ ਮਤਿ ਬਾਰਿਕ ਬਪੁਰੇ ਕੀ, ਸਰਪ ਅਗਨਿ ਕਰ[7] ਮੇਲੈ ॥ ਮਾਤਾ ਪਿਤਾ ਕੰਠਿ ਲਾਇ ਰਾਖੈ, ਅਨਦ ਸਹਜਿ ਤਬ ਖੇਲੈ ॥੨॥ ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ, ਤਿਸੁ ਬਾਰਿਕ ਭੂਖ ਕੈਸੀ ॥ ਨਵਨਿਧਿ[8] ਨਾਮੁ ਨਿਧਾਨੁ[9] ਗ੍ਰਿਹਿ[10] ਤੇਰੈ, ਮਨਿ ਬਾਂਛੈ[11] ਸੋ ਲੈਸੀ ॥੩॥ ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ, ਬਾਰਿਕੁ ਮੁਖਿ ਮਾਂਗੈ ਸੋ ਦੇਨਾ ॥ ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ, ਮੋਹਿ ਹ੍ਰਿਦੈ ਬਸਹਿ ਨਿਤ ਚਰਨਾ ॥੪॥੨॥

---

੧. ਦੁੱਧ। ੨. ਖ਼ਬਰ-ਸੁਰਤ ਲੈਂਦੀ ਹੈ। ੩. ਖਵਾਂਦੀ ਹੈ। ੪. ਰਜਦਾ ਹੈ। ੫. ਵਾਰ। ੬. ਥਾਂ। ੭. ਹੱਥ। ੮. ਨੌਂ ਨਿਧੀਆਂ। ੯. ਖ਼ਜ਼ਾਨਾ। ੧੦. ਘਰ ਵਿਚ। ੧੧. ਚਾਹੁੰਦਾ ਹੈ।



ਸੋਰਠਿ ਮਹਲਾ ੫

ਸੋਈ ਕਰਾਇ ਜੋ ਤੁਧੁ[1] ਭਾਵੈ ॥
ਮੋਹਿ ਸਿਆਣਪ ਕਛੂ ਨ ਆਵੈ ॥
ਹਮ ਬਾਰਿਕ ਤਉ ਸਰਣਾਈ ॥
ਪ੍ਰਭਿ ਆਪੇ ਪੈਜ ਰਖਾਈ ॥੧॥
*ਮੇਰਾ ਮਾਤ ਪਿਤਾ [2]ਹਰਿ ਰਾਇਆ ॥
ਕਰਿ ਕਿਰਪਾ [3]ਪ੍ਰਤਿਪਾਲਣ ਲਾਗਾ
ਕਰੀਂ[4] ਤੇਰਾ ਕਰਾਇਆ ॥ਰਹਾਉ॥
ਜੀਅ ਜੰਤ ਤੇਰੇ ਧਾਰੇ[5] ॥
ਪ੍ਰਭ ਡੋਰੀ ਹਾਥਿ ਤੁਮਾਰੇ ॥
ਜਿ ਕਰਾਵੈ ਸੋ ਕਰਣਾ ॥
ਨਾਨਕ ਦਾਸ ਤੇਰੀ ਸਰਣਾ ॥੨॥੭੧॥

---

੧. ਹੇ ਵਾਹਿਗੁਰੂ, ਤੈਨੂੰ। ੨. ਹਰੀ ਰਾਜਾ। ੩. ਪਾਲਣਾ ਕਰਦਾ ਹੈ। ੪. ਮੈਂ ਕਰਦਾ ਹਾਂ। ੫. ਬਣਾਏ ਹੋਏ।

ਰਾਗੁ ਸੂਹੀ ਛੰਤ ਮਹਲਾ ੫

ਤੂ ਠਾਕੁਰੋ ਬੈਰਾਗਰੋ[1]
ਮੈ ਜੇਹੀ ਘਣ[2] ਚੇਰੀ ਰਾਮ ॥

ਤੂੰ ਸਾਗਰੋ ਰਤਨਾਗਰੋ[3]
ਹਉ ਸਾਰ ਨ ਜਾਣਾ ਤੇਰੀ ਰਾਮ ॥

ਸਾਰ ਨ ਜਾਣਾ ਤੂ ਵਡ ਦਾਣਾ[4]
ਕਰਿ ਮਿਹਰੰਮਤਿ[5] ਸਾਂਈ ॥

*ਕਿਰਪਾ ਕੀਜੈ ਸਾ ਮਤਿ ਦੀਜੈ
ਆਠ ਪਹਰ ਤੁਧੁ ਧਿਆਈ ॥

ਗਰਬੁ[6] ਨ ਕੀਜੈ ਰੇਣ[7] ਹੋਵੀਜੈ
ਤਾ ਗਤਿ ਜੀਅਰੇ ਤੇਰੀ ॥

ਸਭ ਊਪਰਿ ਨਾਨਕ ਕਾ ਠਾਕੁਰੁ
ਮੈ ਜੇਹੀ ਘਣ ਚੇਰੀ ਰਾਮ ॥੧॥

---

੧. ਵੈਰਾਗਵਾਨ, ਇਛਾ-ਰਹਿਤ। ਵਾਹਿਗੁਰੂ। ੨. ਬਹੁਤ। ੩. ਰਤਨਾਂ ਦੀ ਖਾਣ। ੪. ਸਿਆਣਾ। ੫. ਮਿਹਰ। ੬. ਹੰਕਾਰ। ੭. ਧੂੜੀ।



ਆਸਾ ਮਹਲਾ ੫

ਤੂ ਮੇਰਾ ਤਰੰਗੁ[1] ਹਮ ਮੀਨ[2] ਤੁਮਾਰੇ ॥
ਤੂ ਮੇਰਾ ਠਾਕੁਰੁ ਹਮ ਤੇਰੈ ਦੁਆਰੇ ॥੧॥

*ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ ॥
ਸਰਣਿ ਗਹੀ[3] ਪ੍ਰਭ [4]ਗੁਨੀ ਗਹੇਰਾ ॥੧॥ਰਹਾਉ॥

ਤੂ ਮੇਰਾ ਜੀਵਨੁ ਤੂ ਆਧਾਰੁ ॥
ਤੁਝਹਿ ਪੇਖਿ[5] ਬਿਗਸੈ[6] ਕਉਲਾਰੁ[7] ॥੨॥

ਤੂ ਮੇਰੀ ਗਤਿ ਪਤਿ ਤੂ ਪਰਵਾਨੁ ॥
ਤੂ ਸਮਰਥੁ ਮੈ ਤੇਰਾ ਤਾਣੁ ॥੩॥

ਅਨਦਿਨੁ[8] ਜਪਉ ਨਾਮ [9]ਗੁਣਤਾਸਿ ॥
ਨਾਨਕ ਕੀ ਪ੍ਰਭ ਪਹਿ ਅਰਦਾਸਿ ॥੪॥੨੩॥

---

੧. ਲਹਿਰ, ਦਰਿਆ। ੨. ਮੱਛੀ। ੩. ਪਕੜੀ। ੪. ਬਹੁਤ ਗੁਣਾਂ ਵਾਲਾ ਵਾਹਿਗੁਰੂ। ੫. ਵੇਖ ਕੇ। ੬. ਖਿੜਦਾ ਹੈ। ੭. ਕੌਲ ਫੁੱਲ। ੮. ਨਿਤਪ੍ਰਤਿ, ਹਰ ਵੇਲੇ। ੯. ਗੁਣਾਂ ਦਾ ਭੰਡਾਰ।

## ਗਉੜੀ ਗੁਆਰੇਰੀ ਮਹਲਾ ੫

ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ[੧] ॥ ਤੂੰ ਮੇਰੀ ਪਤਿ ਤੂ ਹੈ ਮੇਰਾ ਗਹਣਾ ॥ ਤੁਝ ਬਿਨੁ ਨਿਮਖੁ ਨ ਜਾਈ ਰਹਣਾ ॥੧॥ *ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ ॥ ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ ॥੧॥ਰਹਾਉ॥ ਜਿਉ ਤੁਮ ਰਾਖਹੁ ਤਿਵ ਹੀ ਰਹਨਾ ॥ ਜੋ ਤੁਮ ਕਹਹੁ ਸੋਈ ਮੋਹਿ ਕਰਨਾ ॥ ਜਹ ਪੇਖਉ[੨] ਤਹਾ ਤੁਮ ਬਸਨਾ ॥ ਨਿਰਭਉ ਨਾਮੁ ਜਪਉ ਤੇਰਾ ਰਸਨਾ ॥੨॥ ਤੂੰ ਮੇਰੀ ਨਵਨਿਧਿ ਤੂੰ ਭੰਡਾਰੁ ॥ ਰੰਗ ਰਸਾ ਤੂੰ ਮਨਹਿ ਅਧਾਰੁ[੩] ॥ ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ ॥ ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ[੩] ॥੩॥ ਮਨ ਤਨ ਅੰਤਰਿ ਤੁਹੀ ਧਿਆਇਆ ॥ ਮਰਮੁ[੪] ਤੁਮਾਰਾ ਗੁਰ ਤੇ ਪਾਇਆ ॥ ਸਤਿਗੁਰ ਤੇ ਦ੍ਰਿੜਿਆ[੫] ਇਕੁ ਏਕੈ ॥ ਨਾਨਕ ਦਾਸ ਹਰਿ ਹਰਿ ਹਰਿ ਟੇਕੈ ॥੪॥੧੯॥

---

੧. ਪਿਆਰ। ੨. ਵੇਖਦਾ ਹਾਂ। ੩. ਆਸਰਾ। ੪. ਭੇਦ। ੫. ਦ੍ਰਿੜ੍ਹ ਕੀਤਾ, ਪੱਕਾ ਕੀਤਾ।



## ਬਿਲਾਵਲੁ ਮਹਲਾ ੫ ਛੰਤੁ

*ਮੋਹਿ ਮਛੁਲੀ ਤੁਮ ਨੀਰ[੧]
ਤੁਝ ਬਿਨੁ ਕਿਉ ਸਰੈ ॥
ਮੋਹਿ ਚਾਤ੍ਰਿਕ[੨] ਤੁਮ੍ ਬੂੰਦ
ਤ੍ਰਿਪਤਉ[੩] ਮੁਖਿ ਪਰੈ ॥
ਮੁਖਿ ਪਰੈ ਹਰੈ[੪] ਪਿਆਸ ਮੇਰੀ
ਜੀਅ ਹੀਆ[੫] [੬]ਪ੍ਰਾਨ ਪਤੇ ॥
ਲਾਡਿਲੇ ਲਾਡ ਲਡਾਇ ਸਭ ਮਹਿ
ਮਿਲੁ ਹਮਾਰੀ ਹੋਇ ਗਤੇ ॥
ਚੀਤਿ ਚਿਤਵਉ, ਮਿਟੁ ਅੰਧਾਰੇ
ਜਿਉ ਆਸ ਚਕਵੀ ਦਿਨੁ ਚਰੈ[੭] ॥
ਨਾਨਕੁ ਪਇਅੰਪੈ[੮] ਪ੍ਰਿਅ ਸੰਗਿ ਮੇਲੀ
ਮਛੁਲੀ ਨੀਰੁ ਨ ਵੀਸਰੈ ॥੪॥

---

੧. ਪਾਣੀ। ੨. ਪਪੀਹਾ। ੩. ਰਜਦਾ ਹਾਂ। ੪. ਦੂਰ ਕਰਦੀ ਹੈ। ੫. ਹਿਰਦੇ ਦਾ। ੬. ਵਾਹਿਗੁਰੂ। ੭. ਚੜ੍ਹੇ। ੮. ਬੇਨਤੀ ਕਰਦਾ ਹੈ।

ਰਾਗੁ ਸੂਹੀ ਛੰਤ ਮਹਲਾ ੫

*ਤੁਝੁ ਊਪਰਿ ਮੇਰਾ ਹੈ ਮਾਣਾ
ਤੂ ਹੈ ਮੇਰਾ ਤਾਣਾ[1] ਰਾਮ ॥
ਸੁਰਤਿ ਮਤਿ ਚਤੁਰਾਈ ਤੇਰੀ
ਤੂ ਜਾਣਾਇਹਿ[2] ਜਾਣਾ ਰਾਮ ॥
ਸੋਈ ਜਾਣੈ ਸੋਈ ਪਛਾਣੈ
ਜਾ ਕਉ ਨਦਰਿ ਸਿਰੰਦੇ[3] ॥
ਮਨਮੁਖਿ ਭੂਲੀ ਬਹੁਤੀ ਰਾਹੀ
ਫਾਥੀ ਮਾਇਆ ਫੰਦੇ ॥
ਠਾਕੁਰ ਭਾਣੀ ਸਾ ਗੁਣਵੰਤੀ
ਤਿਨ ਹੀ ਸਭ ਰੰਗ ਮਾਣਾ ॥
ਨਾਨਕ ਕੀ ਧਰ[4] ਤੂਹੈ ਠਾਕੁਰ
ਤੂ ਨਾਨਕ ਕਾ ਮਾਣਾ ॥੩॥

---

੧. ਬਲ। ੨. ਸਮਝਾਂਦਾ ਹੈਂ। ੩. ਸਿਰਜਣਹਾਰ ਵਾਹਿਗੁਰੂ ਦੀ। ੪. ਧਿਰ, ਓਟ।



ਬਿਲਾਵਲੁ ਮਹਲਾ ੫

*ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥
ਨਮਸਕਾਰ ਡੰਡਉਤਿ[1] ਬੰਦਨਾ
ਅਨਿਕ ਬਾਰ ਜਾਉ ਬਾਰੈ[2] ॥੧॥ਰਹਾਉ॥
ਊਠਤ ਬੈਠਤ ਸੋਵਤ ਜਾਗਤ,
ਇਹੁ ਮਨੁ ਤੁਝਹਿ ਚਿਤਾਰੈ[3] ॥
ਸੂਖ ਦੂਖ ਇਸੁ ਮਨ ਕੀ ਬਿਰਥਾ,
ਤੁਝ ਹੀ ਆਗੈ ਸਾਰੈ[4] ॥੧॥
ਤੂ ਮੇਰੀ ਓਟ[5] ਬਲ ਬੁਧਿ ਧਨੁ ਤੁਮ ਹੀ,
ਤੁਮਹਿ ਮੇਰੈ ਪਰਵਾਰੈ ॥
ਜੋ ਤੁਮ ਕਰਹੁ ਸੋਈ ਭਲ ਹਮਰੈ,
ਪੇਖਿ[6] ਨਾਨਕ ਸੁਖ ਚਰਨਾਰੈ ॥੨॥੨॥

---

੧. ਨਮਸਕਾਰ। ੨. ਬਲਿਹਾਰ। ੩. ਯਾਦ ਕਰਦਾ ਹੈ। ੪. ਪੇਸ਼ ਕਰਦਾ ਹੈ। ੫. ਆਸਰਾ। ੬. ਵੇਖ ਕੇ।

ਬਿਹਾਗੜਾ ਮਹਲਾ ੫ ਛੰਤੁ

*ਤੂ ਸਮਰਥੁ ਵਡਾ
ਮੇਰੀ ਮਤਿ ਥੋਰੀ ਰਾਮ ॥
ਪਾਲਹਿ ਅਕਿਰਤਘਨਾ
ਪੂਰਨ ਦ੍ਰਿਸਟਿ[1] ਤੇਰੀ ਰਾਮ ॥
ਅਗਾਧਿ[2] ਬੋਧਿ ਅਪਾਰ ਕਰਤੇ
ਮੋਹਿ ਨੀਚੁ ਕਛੂ ਨ ਜਾਨਾ ॥
ਰਤਨੁ ਤਿਆਗਿ ਸੰਗ੍ਰਹਨ[3] ਕਉਡੀ
ਪਸੂ ਨੀਚੁ ਇਆਨਾ ॥
ਤਿਆਗਿ ਚਲਤੀ ਮਹਾ ਚੰਚਲਿ[4]
ਦੋਖ ਕਰਿ ਕਰਿ ਜੋਰੀ ॥
ਨਾਨਕ ਸਰਨਿ ਸਮਰਥ ਸੁਆਮੀ
ਪੈਜ ਰਾਖਹੁ ਮੋਰੀ ॥੩॥

---

੧. ਮਿਹਰ ਦੀ ਨਜ਼ਰ। ੨. ਪਹੁੰਚ ਤੋਂ ਪਰੇ, ਵਾਹਿਗੁਰੂ। ੩. ਇਕੱਠਾ ਕਰਨਾ। ੪. ਚੁਲਬੁਲੀ ਮਾਇਆ।



ਬਿਹਾਗੜਾ ਮਹਲਾ ੫ ਛੰਤੁ

*ਤੂ ਸਮਰਥੁ ਸਦਾ
ਹਮ ਦੀਨ[1] ਭੇਖਾਰੀ ਰਾਮ ॥
ਮਾਇਆ ਮੋਹਿ ਮਗਨੁ
ਕਢਿ ਲੇਹੁ ਮੁਰਾਰੀ[2] ਰਾਮ ॥
ਲੋਭਿ ਮੋਹਿ ਬਿਕਾਰਿ ਬਾਧਿਓ
ਅਨਿਕ ਦੋਖ[3] ਕਮਾਵਨੇ ॥
ਅਲਿਪਤ[4] ਬੰਧਨ ਰਹਤ ਕਰਤਾ
ਕੀਆ ਅਪਨਾ ਪਾਵਨੇ ॥
ਕਰਿ ਅਨੁਗ੍ਰਹੁ[5] [6]ਪਤਿਤ ਪਾਵਨ
ਬਹੁ ਜੋਨਿ ਭ੍ਰਮਤੇ ਹਾਰੀ ॥
ਬਿਨਵੰਤਿ ਨਾਨਕ ਦਾਸੁ ਹਰਿ ਕਾ
ਪ੍ਰਭ ਜੀਅ[7] ਪ੍ਰਾਨ ਅਧਾਰੀ ॥੨॥

---

੧. ਨਿਮਾਣੇ। ੨. ਵਾਹਿਗੁਰੂ। ੩. ਪਾਪ। ੪. ਨਿਰਲੇਪ। ੫. ਮਿਹਰ। ੬. ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਵਾਹਿਗੁਰੂ। ੭. ਜਿੰਦ।

ਵਡਹੰਸੁ ਮਹਲਾ ੫

ਤੂ ਬੇਅੰਤੁ ਕੋ ਵਿਰਲਾ ਜਾਣੈ ॥
ਗੁਰ ਪ੍ਰਸਾਦਿ, ਕੋ ਸਬਦਿ[1] ਪਛਾਣੈ ॥੧॥

*ਸੇਵਕ ਕੀ ਅਰਦਾਸਿ ਪਿਆਰੇ ॥
ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥੧॥ਰਹਾਉ॥

ਦਇਆਲ ਪੁਰਖ ਮੇਰੇ ਪ੍ਰਭ ਦਾਤੇ ॥
ਜਿਸਹਿ ਜਨਾਵਹੁ ਤਿਨਹਿ ਤੁਮ ਜਾਤੇ ॥੨॥

ਸਦਾ ਸਦਾ ਜਾਈ ਬਲਿਹਾਰੀ ॥
[2]ਇਤ ਊਤ ਦੇਖਉ ਓਟ ਤੁਮਾਰੀ ॥੩॥

ਮੋਹਿ ਨਿਰਗੁਣ, ਗੁਣੁ ਕਿਛੁ ਨ ਜਾਤਾ ॥
ਨਾਨਕ ਸਾਧੂ[3] ਦੇਖਿ ਮਨੁ ਰਾਤਾ ॥੪॥੩॥

---

੧. ਸ਼ਬਦ ਰਾਹੀਂ। ੨. ਇੱਥੇ ਉੱਥੇ, ਲੋਕ ਪਰਲੋਕ। ੩. ਸਤਿਗੁਰੂ।



ਪਉੜੀ (ਵਾਰ ਗੂਜਰੀ)

*ਤੁਧੁ ਧਿਆਇਨਿ੍[1] ਬੇਦ ਕਤੇਬਾ [2]ਸਣੁ ਖੜੇ ॥
ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ ॥
ਬ੍ਰਹਮੇ ਤੁਧੁ ਧਿਆਇਨਿ੍ ਇੰਦ੍ਰ ਇੰਦ੍ਰਾਸਣਾ ॥
ਸੰਕਰ[3] ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ ॥
ਪੀਰ ਪਿਕਾਬਰ[4] ਸੇਖ ਮਸਾਇਕ[5] ਅਉਲੀਏ ॥
[6]ਓਤਿ ਪੋਤਿ ਨਿਰੰਕਾਰ, ਘਟਿ ਘਟਿ ਮਉਲੀਏ ॥
ਕੂੜਹੁ ਕਰੇ ਵਿਣਾਸੁ[7], ਧਰਮੇ ਤਗੀਐ[8] ॥
ਜਿਤੁ ਜਿਤੁ ਲਾਇਹਿ ਆਪਿ,
ਤਿਤੁ ਤਿਤੁ ਲਗੀਐ ॥੨॥

---

੧. ਧਿਆਉਂਦੇ ਹਨ। ੨. ਸਮੇਤ ਖੜੇ ਹੋ ਕੇ। ੩. ਸ਼ਿਵ ਜੀ। ੪. ਪੈਗ਼ੰਬਰ। ੫. ਅਨੇਕਾਂ ਸ਼ੇਖ਼। ੬. ਤਾਣੇ ਪੇਟੇ ਵਾਂਗ। ੭. ਨਾਸ। ੮. ਵਧਦਾ ਹੈ।

ਪਉੜੀ (ਵਾਰ ਰਾਮਕਲੀ)

*ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ[1] ॥
[2]ਰੰਗ ਪਰੰਗ ਅਨੇਕ, ਨ ਜਾਪਨਿ੍ ਕਰਤਬਾ ॥
ਜੀਆ ਅੰਦਰਿ ਜੀਉ[3], ਸਭ ਕਿਛੁ ਜਾਣਲਾ ॥
ਸਭੁ ਕਿਛੁ ਤੇਰੈ ਵਸਿ, ਤੇਰਾ ਘਰੁ ਭਲਾ ॥
ਤੇਰੈ ਘਰਿ ਆਨੰਦੁ, ਵਧਾਈ ਤੁਧੁ ਘਰਿ ॥
ਮਾਣੁ ਮਹਤਾ[4] ਤੇਜੁ[5], ਆਪਣਾ ਆਪਿ ਜਰਿ ॥
ਸਰਬ ਕਲਾ ਭਰਪੂਰੁ, ਦਿਸੈ [6]ਜਤ ਕਤਾ ॥
ਨਾਨਕ ਦਾਸਨਿ ਦਾਸੁ,
ਤੁਧੁ ਆਗੈ ਬਿਨਵਤਾ[7] ॥੧੮॥

---

੧. ਪਦਵੀ। ੨. ਰੰਗ-ਬਰੰਗੀ। ੩. ਤੇਰੀ ਜੋਤਿ। ੪. ਵਡਿਆਈ। ੫. ਬਲ। ੬. ਹਰ ਥਾਂ। ੭. ਬੇਨਤੀ ਕਰਦਾ।



ਵਡਹੰਸੁ ਮਹਲਾ ੫

*ਅਤਿ ਊਚਾ ਤਾ ਕਾ ਦਰਬਾਰਾ ॥ ਅੰਤੁ ਨਾਹੀ ਕਿਛੁ ਪਾਰਾਵਾਰਾ ॥ [1]ਕੋਟਿ ਕੋਟਿ ਕੋਟਿ ਲਖ ਧਾਵੈ[2] ॥ ਇਕੁ ਤਿਲੁ ਤਾ ਕਾ ਮਹਲੁ ਨ ਪਾਵੈ ॥੧॥ ਸੁਹਾਵੀ[3] ਕਉਣੁ ਸੁ ਵੇਲਾ, ਜਿਤੁ ਪ੍ਰਭ ਮੇਲਾ ॥੧॥ਰਹਾਉ॥ ਲਾਖ ਭਗਤ ਜਾ ਕਉ ਆਰਾਧਹਿ ॥ ਲਾਖ ਤਪੀਸਰ ਤਪੁ ਹੀ ਸਾਧਹਿ ॥ ਲਾਖ ਜੋਗੀਸਰ ਕਰਤੇ ਜੋਗਾ ॥ ਲਾਖ ਭੋਗੀਸਰ[4] ਭੋਗਹਿ ਭੋਗਾ ॥੨॥ ਘਟਿ ਘਟਿ ਵਸਹਿ ਜਾਣਹਿ ਥੋਰਾ ॥ ਹੈ ਕੋਈ ਸਾਜਣੁ, ਪਰਦਾ[5] ਤੋਰਾ ॥ ਕਰਉ ਜਤਨ, ਜੇ ਹੋਇ ਮਿਹਰਵਾਨਾ ॥ ਤਾ ਕਉ ਦੇਈ ਜੀਉ ਕੁਰਬਾਨਾ ॥੩॥ ਫਿਰਤ ਫਿਰਤ [6]ਸੰਤਨ ਪਹਿ ਆਇਆ ॥ ਦੂਖੁ ਭ੍ਰਮੁ ਹਮਾਰਾ, ਸਗਲ ਮਿਟਾਇਆ ॥ ਮਹਲਿ ਬੁਲਾਇਆ ਪ੍ਰਭ, ਅੰਮ੍ਰਿਤੁ ਭੂੰਚਾ[7] ॥ ਕਹੁ ਨਾਨਕ ਪ੍ਰਭੁ ਮੇਰਾ ਊਚਾ ॥੪॥੧॥

---

੧. ਕ੍ਰੋੜਾਂ ਹੀ ਕ੍ਰੋੜਾਂ। ੨. ਨਸ ਭਜ ਕਰੇ। ੩. ਸੁਖਦਾਈ। ੪. ਅਨੰਦ ਭੋਗਣ ਵਾਲੇ। ੫. (ਅਗਿਆਨ ਦਾ)। ੬. ਸਤਿਗੁਰੂ ਜੀ ਪਾਸ। ੭. ਪੀਤਾ।

ਭੈਰਉ ਮਹਲਾ ੫

*ਖੂਬੁ ਖੂਬੁ ਖੂਬੁ ਖੂਬੁ, ਖੂਬੁ ਤੇਰੋ ਨਾਮੁ ॥
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥੧॥ਰਹਾਉ॥

ਨਗਜ[1] ਤੇਰੇ ਬੰਦੇ, ਦੀਦਾਰੁ ਅਪਾਰੁ ॥
ਨਾਮ ਬਿਨਾ ਸਭ ਦੁਨੀਆ ਛਾਰੁ[2] ॥੧॥

ਅਚਰਜੁ ਤੇਰੀ ਕੁਦਰਤਿ, ਤੇਰੇ ਕਦਮ ਸਲਾਹ ॥
ਗਨੀਵ[3] ਤੇਰੀ ਸਿਫਤਿ, ਸਚੇ ਪਾਤਿਸਾਹ ॥੨॥

[4]ਨੀਧਰਿਆ ਧਰ, ਪਨਹ[5] ਖੁਦਾਇ ॥
ਗਰੀਬ ਨਿਵਾਜੁ[6] ਦਿਨੁ ਰੈਣਿ[7] ਧਿਆਇ ॥੩॥

ਨਾਨਕ ਕਉ ਖੁਦਿ[8] ਖਸਮ ਮਿਹਰਵਾਨ ॥
ਅਲਹੁ ਨ ਵਿਸਰੈ ਦਿਲ ਜੀਅ ਪਰਾਨ ॥੪॥੧੦॥

---

੧. ਸੁਹਣੇ। ੨. ਸੁਆਹ। ੩. ਅਮੋਲਕ। ੪. ਨਿਆਸਰਿਆਂ ਦੇ ਆਸਰੇ। ੫. ਟੇਕ। ੬. ਵਡਿਆਉਣ ਵਾਲਾ। ੭. ਰਾਤ। ੮. ਆਪ।



ਵਾਰਾਂ ਭਾਈ ਗੁਰਦਾਸ ਜੀ

*ਦਾਤਾ ਓਹੁ ਨ ਮੰਗੀਐ
ਫਿਰਿ ਮੰਗਣਿ ਜਾਈਐ ॥
ਹੋਛਾ ਸਾਹੁ ਨ ਕੀਚਈ
ਫਿਰਿ ਪਛੋਤਾਈਐ ॥
ਸਾਹਿਬੁ ਓਹੁ ਨ ਸੇਵੀਐ
ਜਮ ਡੰਡੁ ਸਹਾਈਐ ॥
ਹਉਮੈ ਰੋਗੁ ਨ ਕਟਈ
ਓਹੁ ਵੈਦੁ ਨ ਲਾਈਐ ॥
ਦੁਰਮਤਿ[1] ਮੈਲੁ ਨ ਉਤਰੈ
ਕਿਉ ਤੀਰਥਿ ਨਾਈਐ ॥
ਪੀਰ[2] ਮੁਰੀਦਾ[3] ਪਿਰਹੜੀ[4]
ਸੁਖ ਸਹਜਿ ਸਮਾਈਐ ॥੧੫॥(੨੭)

---

੧. ਖੋਟੀ ਮਤਿ। ੨. ਸਤਿਗੁਰੂ। ੩. ਗੁਰਸਿੱਖਾਂ। ੪. ਪ੍ਰੀਤ।

## ਜੈਤਸਰੀ ਮਹਲਾ ੫

*ਲੋੜੀਦੜਾ[1] ਸਾਜਨੁ ਮੇਰਾ ॥
ਘਰਿ ਘਰਿ ਮੰਗਲ ਗਾਵਹੁ ਨੀਕੇ[2]
ਘਟਿ ਘਟਿ ਤਿਸਹਿ ਬਸੇਰਾ ॥੧॥ਰਹਾਉ॥

ਸੂਖਿ ਅਰਾਧਨੁ ਦੂਖਿ ਅਰਾਧਨੁ
ਬਿਸਰੈ ਨ ਕਾਹੂ ਬੇਰਾ[3] ॥
ਨਾਮੁ ਜਪਤ [4]ਕੋਟਿ ਸੂਰ ਉਜਾਰਾ
ਬਿਨਸੈ[5] ਭਰਮੁ ਅੰਧੇਰਾ ॥੧॥
ਥਾਨਿ ਥਨੰਤਰਿ ਸਭਨੀ ਜਾਈ
ਜੋ ਦੀਸੈ ਸੋ ਤੇਰਾ ॥
ਸੰਤ[6] ਸੰਗਿ ਪਾਵੈ ਜੋ ਨਾਨਕ
ਤਿਸੁ ਬਹੁਰਿ ਨ ਹੋਈ ਹੈ ਫੇਰਾ ॥੨॥੩॥

---

੧. ਪਿਆਰਾ। ੨. ਚੰਗੇ। ੩. ਵੇਲਾ। ੪. ਕ੍ਰੋੜਾਂ ਸੂਰਜਾਂ ਦਾ ਚਾਨਣ।
੫. ਨਾਸ ਹੁੰਦਾ ਹੈ। ੬. ਸਤਿਗੁਰੂ।



## ਪਉੜੀ (ਵਾਰ ਸੂਹੀ)

ਹਉ ਕਿਆ ਸਾਲਾਹੀ [1]ਕਿਰਮ ਜੰਤੁ
ਵਡੀ ਤੇਰੀ ਵਡਿਆਈ ॥
ਤੂ ਅਗਮ[2] ਦਇਆਲੁ ਅਗੰਮੁ ਹੈ
ਆਪਿ ਲੈਹਿ ਮਿਲਾਈ ॥
*ਮੈ ਤੁਝ ਬਿਨੁ ਬੇਲੀ[3] ਕੋ ਨਹੀ
ਤੂ ਅੰਤਿ ਸਖਾਈ[4] ॥
ਜੋ ਤੇਰੀ ਸਰਣਾਗਤੀ[5]
ਤਿਨ ਲੈਹਿ ਛਡਾਈ ॥
ਨਾਨਕ ਵੇਪਰਵਾਹੁ ਹੈ
ਤਿਸੁ ਤਿਲੁ ਨ ਤਮਾਈ[6] ॥੨੦॥

---

੧. ਕੀੜਾ, ਭਾਵ ਤੁਛ ਜੀਵ। ੨. ਅਪਹੁੰਚ। ੩. ਮਿੱਤਰ। ੪. ਸਾਥੀ।
੫. ਸ਼ਰਨ। ੬. ਲਾਲਚ।

ਸਵੈਯਾ ਪਾ: ੧੦

*ਦੇਹ ਸ਼ਿਵਾ[1] ਬਰ ਮੋਹਿ ਇਹੈ
[2]ਸ਼ੁਭ ਕਰਮਨ ਤੇ ਕਬਹੂੰ ਨ ਟਰੋਂ[3] ॥

ਨ ਡਰੋ ਅਰਿ[4] ਸੋ ਜਬ ਜਾਇ ਲਰੋ
ਨਿਸਚੈ ਕਰ ਆਪਨੀ ਜੀਤ ਕਰੋਂ ॥

ਅਰੁ ਸਿਖਹੌਂ[5] ਆਪਨੇ ਹੀ ਮਨ ਕੌ
ਇਹ ਲਾਲਚ ਹਉਂ[6] ਗੁਨ ਤਉ ਉਚਰੋਂ ॥

[7]ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ [8]ਰਨ ਮੈ [9]ਤਬ ਜੂਝ ਮਰੋਂ ॥

---

੧. ਹੇ ਵਾਹਿਗੁਰੂ! ੨. ਚੰਗੇ ਕੰਮਾਂ ਤੋਂ। ੩. ਟਲਾਂ, ਪਿੱਛੇ ਹਟਾਂ। ੪. ਵੈਰੀ। ੫. ਸਿਖਿਆ ਦੇਵਾਂ। ੬. ਮੈਂ। ੭. ਜਦੋਂ ਉਮਰ ਦਾ ਅੰਤ ਸਮਾਂ ਆ ਬਣੇ। ੮. ਮੈਦਾਨਿ-ਜੰਗ ਵਿਚ। ੯. ਜੁਧ ਕਰ ਕੇ ਸ਼ਹੀਦ ਹੋਵਾਂ।



ਸਵੈਯਾ ਪਾ: ੧੦

ਹੇ ਰਵਿ[1] ਹੇ ਸਸਿ[2] ਹੇ ਕਰੁਣਾਨਿਧ[3]
*ਮੇਰੀ ਅਬੈ ਬਿਨਤੀ ਸੁਨ ਲੀਜੈ ॥

ਔਰ ਨ ਮਾਂਗਤ ਹਉ ਤੁਮ ਤੇ ਕਛੂ
ਚਾਹਤ ਹੌਂ ਚਿਤ ਮੈਂ ਸੋਈ ਕੀਜੈ ॥

ਸ਼ਸਤ੍ਰਨ ਸੋਂ ਅਤਿ ਹੀ [4]ਰਣ ਭੀਤਰ
ਜੂਝ ਮਰੋਂ ਤਉ ਸਾਚ ਪਤੀਜੈ[5] ॥

ਸੰਤ ਸਹਾਇ ਸਦਾ ਜਗ ਮਾਇ
ਕ੍ਰਿਪਾ ਕਰ ਸਯਾਮ[6] ਇਹੈ ਬਰ ਦੀਜੈ ॥

---

੧-੨. ਸੂਰਜ ਤੇ ਚੰਦਰਮਾ, ਭਾਵ ਵਾਹਿਗੁਰੂ। ੩. ਕਿਰਪਾ ਦੇ ਭੰਡਾਰ। ੪. ਮੈਦਾਨਿ-ਜੰਗ ਵਿਚ। ੫. ਪ੍ਰਸੰਨਤਾ ਹੋਣੀ। ੬. ਹੇ ਵਾਹਿਗੁਰੂ!

ਬਿਹਾਗੜਾ ਮਹਲਾ ੫

*ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ ॥
[1]ਕੋਟਿ ਅਪ੍ਰਾਧ ਭਰੇ, ਭੀ ਤੇਰੇ ਚੇਰੇ[2] ਰਾਮ ॥

[3]ਦੁਖ ਹਰਨ ਕਿਰਪਾ ਕਰਨ ਮੋਹਨ
[4]ਕਲਿ ਕਲੇਸਹ ਭੰਜਨਾ ॥

ਸਰਨਿ ਤੇਰੀ, ਰਖਿ ਲੇਹੁ ਮੇਰੀ
ਸਰਬਮੈ ਨਿਰੰਜਨਾ ॥

ਸੁਨਤ ਪੇਖਤ[5] ਸੰਗਿ ਸਭ ਕੈ
ਪ੍ਰਭ ਨੇਰਹੂ ਤੇ ਨੇਰੇ ॥

ਅਰਦਾਸਿ ਨਾਨਕ ਸੁਨਿ ਸੁਆਮੀ
ਰਖਿ ਲੇਹੁ ਘਰ ਕੇ ਚੇਰੇ[2] ॥੧॥

---

੧. ਕ੍ਰੋੜਾਂ ਪਾਪ। ੨. ਸੇਵਕ। ੩. ਦੁਖ ਦੂਰ ਕਰਨ ਵਾਲੇ। ੪. ਝਗੜਿਆਂ ਤੇ ਦੁਖਾਂ ਦਾ ਨਾਸ ਕਰਨ ਵਾਲੇ। ੫. ਵੇਖਦਾ।



ਰਾਗੁ ਗਉੜੀ ਛੰਤ ਮਹਲਾ ੫

*ਇਕ [1]ਬਿਨਉ ਕਰਉ ਜੀਉ
ਸੁਣਿ ਕੰਤ[2] ਪਿਆਰੇ ॥
ਮੇਰਾ ਮਨੁ ਤਨੁ ਮੋਹਿ ਲੀਆ ਜੀਉ
ਦੇਖਿ ਚਲਤ[3] ਤੁਮਾਰੇ ॥
ਚਲਤਾ ਤੁਮਾਰੇ ਦੇਖਿ ਮੋਹੀ
ਉਦਾਸ ਧਨ[4] ਕਿਉ ਧੀਰਏ[5] ॥
ਗੁਣਵੰਤ ਨਾਹ[2] ਦਇਆਲੁ ਬਾਲਾ
ਸਰਬ ਗੁਣ ਭਰਪੂਰਏ ॥
ਪਿਰ[2] ਦੋਸੁ ਨਾਹੀ, ਸੁਖਹ ਦਾਤੇ
ਹਉ ਵਿਛੁੜੀ ਬੁਰਿਆਰੇ ॥
ਬਿਨਵੰਤਿ[1] ਨਾਨਕ ਦਇਆ ਧਾਰਹੁ
ਘਰਿ ਆਵਹੁ ਨਾਹ[2] ਪਿਆਰੇ ॥੨॥

---

੧. ਬੇਨਤੀ ਕਰਦਾ ਹਾਂ। ੨. ਪਤੀ, ਵਾਹਿਗੁਰੂ। ੩. ਕੌਤਕ। ੪. ਇਸਤ੍ਰੀ, ਜੀਵ। ੫. ਧੀਰਜ ਕਰੇ।

## ਗਉੜੀ ਛੰਤ ਮਹਲਾ ੧

*ਸੁਣਿ ਨਾਹ[੧] ਪ੍ਰਭੂ ਜੀਉ, ਏਕਲੜੀ [੨]ਬਨ ਮਾਹੇ ॥
ਕਿਉ ਧੀਰੈਗੀ[੩] ਨਾਹ ਬਿਨਾ, ਪ੍ਰਭ ਵੇਪਰਵਾਹੇ ॥

ਧਨ[੪] ਨਾਹ ਬਾਝਹੁ ਰਹਿ ਨ ਸਾਕੈ
[੫]ਬਿਖਮ ਰੈਣਿ ਘਣੇਰੀਆ[੬] ॥

ਨਹ ਨੀਦ ਆਵੈ ਪ੍ਰੇਮੁ ਭਾਵੈ
ਸੁਣਿ ਬੇਨੰਤੀ ਮੇਰੀਆ ॥

ਬਾਝਹੁ ਪਿਆਰੇ ਕੋਇ ਨ ਸਾਰੇ[੭]
ਏਕਲੜੀ ਕੁਰਲਾਏ ॥

ਨਾਨਕ ਸਾਧਨ[੪] ਮਿਲੈ ਮਿਲਾਈ
ਬਿਨੁ ਪ੍ਰੀਤਮ ਦੁਖੁ ਪਾਏ ॥੧॥

---

੧. ਪਤੀ, ਵਾਹਿਗੁਰੂ। ੨. ਸੰਸਾਰ ਰੂਪੀ ਜੰਗਲ ਵਿਚ ਇਕੱਲੀ। ੩. ਧੀਰਜ ਕਰੇਗੀ। ੪. ਇਸਤ੍ਰੀ, ਜੀਵ। ੫. ਔਖੀ ਰਾਤ। ੬. ਬਹੁਤ ਹੀ। ੭. ਖ਼ਬਰ ਲੈਂਦਾ।



## ਜੈਤਸਰੀ ਮਹਲਾ ੫ ਛੰਤ

ਸੁਣਿ ਯਾਰ[੧] ਹਮਾਰੇ ਸਜਣ
*ਇਕ ਕਰਉ ਬੇਨੰਤੀਆ ॥
ਤਿਸੁ ਮੋਹਨ ਲਾਲ ਪਿਆਰੇ
ਹਉ[੨] ਫਿਰਉ [੩]ਖੋਜੰਤੀਆ ॥
ਤਿਸੁ ਦਸਿ ਪਿਆਰੇ, [੪]ਸਿਰੁ ਧਰੀ ਉਤਾਰੇ
ਇਕ ਭੋਰੀ ਦਰਸਨੁ ਦੀਜੈ ॥
ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ
ਇਕੁ ਤਿਲੁ ਭੀ ਨਾ ਧੀਰੀਜੈ[੫] ॥
ਪ੍ਰਭ ਸਿਉ ਮਨੁ ਲੀਨਾ, ਜਿਉ ਜਲ ਮੀਨਾ[੬]
ਚਾਤ੍ਰਿਕ[੭] ਜਿਵੈ ਤਿਸੰਤੀਆ[੮] ॥
ਜਨ ਨਾਨਕ ਗੁਰੁ ਪੂਰਾ ਪਾਇਆ
ਸਗਲੀ ਤਿਖਾ[੯] ਬੁਝੰਤੀਆ ॥੧॥

---

੧. ਮਿੱਤਰ। ੨. ਮੈਂ। ੩. ਢੂੰਡਦੀ। ੪. ਸਿਰ ਕੱਟ ਕੇ ਭੇਟਾ ਦੇਵਾਂ। ੫. ਧੀਰਜ ਕਰਦੇ। ੬. ਮੱਛੀ। ੭. ਪਪੀਹਾ। ੮. ਪਿਆਸਾ। ੯. ਪਿਆਸ।

ਤੁਖਾਰੀ ਮਹਲਾ ੧

*ਸੁਣਿ ਨਾਹ[1] ਪਿਆਰੇ, ਇਕ ਬੇਨੰਤੀ ਮੇਰੀ ॥

ਤੂ [2]ਨਿਜ ਘਰਿ ਵਸਿਅੜਾ
ਹਉ ਰੁਲਿ ਭਸਮੈ ਢੇਰੀ ॥

ਬਿਨੁ ਅਪਨੇ ਨਾਹੈ[1] ਕੋਇ ਨ ਚਾਹੈ
ਕਿਆ ਕਹੀਐ ਕਿਆ ਕੀਜੈ ॥

ਅੰਮ੍ਰਿਤ ਨਾਮੁ ਰਸਨ ਰਸੁ ਰਸਨਾ
ਗੁਰ ਸਬਦੀ ਰਸੁ ਪੀਜੈ ॥

ਵਿਣੁ ਨਾਵੈ ਕੋ ਸੰਗਿ ਨ ਸਾਥੀ
ਆਵੈ ਜਾਇ ਘਨੇਰੀ[3] ॥

ਨਾਨਕ ਲਾਹਾ ਲੈ ਘਰਿ ਜਾਈਐ
ਸਾਚੀ ਸਚੁ ਮਤਿ ਤੇਰੀ ॥੨॥

---

੧. ਪਤੀ। ੨. ਆਪਣੇ ਘਰ ਵਿਚ। ੩. ਬਹੁਤੀ।



ਸੋਰਠਿ ਮਹਲਾ ੫

ਸੁਨਹੁ ਬਿਨੰਤੀ ਠਾਕੁਰ ਮੇਰੇ
ਜੀਅ ਜੰਤ ਤੇਰੇ ਧਾਰੇ[1] ॥

ਰਾਖੁ ਪੈਜ ਨਾਮ ਅਪੁਨੇ ਕੀ
ਕਰਨ ਕਰਾਵਨਹਾਰੇ ॥੧॥

*ਪ੍ਰਭ ਜੀਉ ਖਸਮਾਨਾ[2] ਕਰਿ ਪਿਆਰੇ ॥
ਬੁਰੇ ਭਲੇ ਹਮ ਥਾਰੇ[3] ॥ਰਹਾਉ॥

ਸੁਣੀ ਪੁਕਾਰ ਸਮਰਥ[4] ਸੁਆਮੀ
ਬੰਧਨ ਕਾਟਿ ਸਵਾਰੇ ॥

[5]ਪਹਿਰਿ ਸਿਰਪਾਉ ਸੇਵਕ ਜਨ ਮੇਲੇ
ਨਾਨਕ [6]ਪ੍ਰਗਟ ਪਹਾਰੇ ॥੨॥੨੯॥

---

੧. ਬਣਾਏ ਹੋਏ। ੨. ਮਾਲਕ-ਪੁਣਾ, ਸੇਵਕਾਂ ਨੂੰ ਬਖ਼ਸ਼ਣ ਵਾਲਾ ਸੁਭਾਅ। ੩. ਤੇਰੇ। ੪. ਸ਼ਕਤੀਵਾਨ ਵਾਹਿਗੁਰੂ। ੫. ਸਿਰੋਪਾ ਪਹਿਨਾ ਕੇ। ੬. ਪਰਤੱਖ ਤੌਰ 'ਤੇ।

### ਬਿਲਾਵਲੁ ਮਹਲਾ ੫

*ਦਾਸ ਤੇਰੇ ਕੀ ਬੇਨਤੀ
[੧]ਰਿਦ ਕਰਿ ਪਰਗਾਸੁ ॥
ਤੁਮ੍ਹਰੀ ਕ੍ਰਿਪਾ ਤੇ ਪਾਰਬ੍ਰਹਮ
ਦੋਖਨ[੨] ਕੋ ਨਾਸੁ ॥੧॥
ਚਰਨ ਕਮਲ ਕਾ ਆਸਰਾ
ਪ੍ਰਭ ਪੁਰਖ ਗੁਣਤਾਸੁ[੩] ॥
ਕੀਰਤਨ ਨਾਮੁ ਸਿਮਰਤ ਰਹਉ
ਜਬ ਲਗੁ ਘਟਿ[੪] ਸਾਸੁ ॥੧॥ਰਹਾਉ॥
ਮਾਤ ਪਿਤਾ ਬੰਧਪ[੫] ਤੂਹੈ
ਤੂ [੬]ਸਰਬ ਨਿਵਾਸੁ ॥
ਨਾਨਕ ਪ੍ਰਭ ਸਰਣਾਗਤੀ
ਜਾ ਕੋ ਨਿਰਮਲ ਜਾਸੁ[੭] ॥੨॥੭॥

---

੧. ਮੇਰੇ ਅੰਦਰ ਚਾਨਣਾ ਕਰੋ। ੨. ਬੁਰਾਈਆਂ। ੩. ਗੁਣਵਾਨ। ੪. ਹਿਰਦੇ ਵਿਚ। ੫. ਸੰਬੰਧੀ। ੬. ਸਭ ਥਾਂ ਵਾਸਾ। ੭. ਜਸ, ਸਿਫ਼ਤਿ।



### ਸਾਰਗ ਮਹਲਾ ੫

*ਠਾਕੁਰ ਬਿਨਤੀ ਕਰਨ ਜਨੁ ਆਇਓ ॥
ਸਰਬ ਸੂਖ [੧]ਆਨੰਦ ਸਹਜ ਰਸ
ਸੁਨਤ ਤੁਹਾਰੋ ਨਾਇਓ[੨] ॥੧॥ਰਹਾਉ॥
[੩]ਕ੍ਰਿਪਾ ਨਿਧਾਨ ਸੂਖ ਕੇ ਸਾਗਰ
ਜਸੁ ਸਭ ਮਹਿ ਜਾ ਕੋ ਛਾਇਓ ॥
ਸੰਤ ਸੰਗਿ ਰੰਗ[੪] ਤੁਮ ਕੀਏ
ਅਪਨਾ ਆਪੁ ਦ੍ਰਿਸਟਾਇਓ[੫] ॥੧॥
ਨੈਨਹੁ ਸੰਗਿ ਸੰਤਨ ਕੀ ਸੇਵਾ
ਚਰਨ ਝਾਰੀ ਕੇਸਾਇਓ[੬] ॥
ਆਠ ਪਹਰ ਦਰਸਨੁ ਸੰਤਨ ਕਾ
ਸੁਖੁ ਨਾਨਕ ਇਹੁ ਪਾਇਓ ॥੨॥੪੩॥

---

੧. ਸਹਿਜ ਅਨੰਦ ਦਾ ਰਸ। ੨. ਨਾਮ। ੩. ਕਿਰਪਾ ਦੇ ਖ਼ਜ਼ਾਨੇ। ੪. ਅਨੰਦ ਮੰਗਲ। ੫. ਦਿਖਾਂਦੇ, ਪਰਗਟ ਕਰਦੇ। ੬. ਕੇਸਾਂ ਨਾਲ।

ਸਾਰਗ ਮਹਲਾ ੫

*ਠਾਕੁਰ ਤੁਮ੍ ਸਰਣਾਈ ਆਇਆ ॥
ਉਤਰਿ ਗਇਓ ਮੇਰੇ ਮਨ ਕਾ ਸੰਸਾ
ਜਬ ਤੇ ਦਰਸਨੁ ਪਾਇਆ ॥੧॥ਰਹਾਉ॥
ਅਨਬੋਲਤ[1] ਮੇਰੀ ਬਿਰਥਾ[2] ਜਾਨੀ
ਅਪਨਾ ਨਾਮੁ ਜਪਾਇਆ ॥
ਦੁਖ ਨਾਠੇ [3]ਸੁਖ ਸਹਜਿ ਸਮਾਏ
ਅਨਦ ਅਨਦ ਗੁਣ ਗਾਇਆ ॥੧॥
ਬਾਹ ਪਕਰਿ ਕਢਿ ਲੀਨੇ ਅਪੁਨੇ
ਗ੍ਰਿਹ, [4]ਅੰਧ ਕੂਪ ਤੇ ਮਾਇਆ ॥
ਕਹੁ ਨਾਨਕ ਗੁਰਿ ਬੰਧਨ ਕਾਟੇ
ਬਿਛੁਰਤ ਆਨਿ ਮਿਲਾਇਆ ॥੨॥੫੧॥

---

੧. ਬਿਨਾਂ ਦੱਸਿਆਂ। ੨. ਦਰਦ-ਭਰੀ ਕਹਾਣੀ। ੩. ਸਹਜ ਵਾਲੇ ਸੁਖ ਵਿਚ। ੪. ਮਾਇਆ ਦੇ ਹਨੇਰੇ ਖੂਹ ਵਿਚੋਂ।



ਗੂਜਰੀ ਮਹਲਾ ੫

ਤੂੰ ਦਾਤਾ ਜੀਆ ਸਭਨਾ ਕਾ
ਬਸਹੁ ਮੇਰੇ ਮਨ ਮਾਹੀ ॥
[1]ਚਰਣ ਕਮਲ ਰਿਦ ਮਾਹਿ ਸਮਾਏ
ਤਹ ਭਰਮੁ ਅੰਧੇਰਾ ਨਾਹੀ ॥੧॥
*ਠਾਕੁਰ ਜਾ ਸਿਮਰਾ ਤੂੰ ਤਾਹੀ ॥
ਕਰਿ ਕਿਰਪਾ [2]ਸਰਬ ਪ੍ਰਤਿਪਾਲਕ
ਪ੍ਰਭ ਕਉ ਸਦਾ ਸਲਾਹੀ ॥੧॥ਰਹਾਉ॥
ਸਾਸਿ ਸਾਸਿ ਤੇਰਾ ਨਾਮੁ ਸਮਾਰਉ[3]
ਤੁਮ ਹੀ ਕਉ ਪ੍ਰਭ ਆਹੀ[4] ॥
ਨਾਨਕ ਟੇਕ ਭਈ ਕਰਤੇ ਕੀ
ਹੋਰ ਆਸ ਬਿਡਾਣੀ[5] ਲਾਹੀ ॥੨॥੧੦॥

---

੧. ਕੰਵਲ ਫੁੱਲ ਵਰਗੇ ਚਰਨ। ੨. ਸਾਰਿਆਂ ਨੂੰ ਪਾਲਣ ਵਾਲੇ। ੩. ਯਾਦ ਕਰਾਂ। ੪. ਚਾਹਵਾਂ। ੫. ਦੂਜੀ।

ਬਿਲਾਵਲੁ ਮਹਲਾ ੫

*ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ ॥
ਉਰਿ[1] ਲਾਗਹੁ ਸੁਆਮੀ ਪ੍ਰਭ ਮੇਰੇ
ਪੂਰਬ[2] ਪ੍ਰੀਤਿ ਗੋਬਿੰਦ ਬੀਚਾਰਹੁ ॥੧॥ਰਹਾਉ॥
[3]ਪਤਿਤ ਪਾਵਨ ਪ੍ਰਭ ਬਿਰਦੁ[4] ਤੁਮ੍ਾਰੋ
ਹਮਰੇ ਦੋਖ[5] ਰਿਦੈ ਮਤ ਧਾਰਹੁ ॥
ਜੀਵਨ ਪ੍ਰਾਨ ਹਰਿ ਧਨੁ ਸੁਖੁ ਤੁਮ ਹੀ
ਹਉਮੈ ਪਟਲੁ[6] ਕ੍ਰਿਪਾ ਕਰਿ ਜਾਰਹੁ[7] ॥੧॥
ਜਲ ਬਿਹੂਨ[8] ਮੀਨ[9] ਕਤ ਜੀਵਨ
ਦੂਧ ਬਿਨਾ ਰਹਨੁ ਕਤ ਬਾਰੋ[10] ॥
ਜਨ ਨਾਨਕ ਪਿਆਸ ਚਰਨ ਕਮਲਨ੍ ਕੀ
ਪੇਖਿ[11] ਦਰਸੁ ਸੁਆਮੀ ਸੁਖ ਸਾਰੋ[12] ॥੨॥੭॥

---

੧. ਹਿਰਦੇ ਨਾਲ। ੨. ਪਹਿਲੀ। ੩. ਪਾਪੀਆਂ ਨੂੰ ਪਵਿੱਤਰ ਕਰਨ ਵਾਲਾ। ੪. ਸੁਭਾਅ। ੫. ਪਾਪ। ੬. ਪਰਦਾ। ੭. ਸਾੜ ਦਿਓ। ੮. ਬਿਨਾਂ। ੯. ਮੱਛੀ। ੧੦. ਬਾਲਕ। ੧੧. ਵੇਖ ਕੇ। ੧੨. ਸ੍ਰੇਸ਼ਟ, ਉੱਤਮ।



ਬਿਲਾਵਲੁ ਮਹਲਾ ੫

*ਰਾਖੁ ਸਦਾ ਪ੍ਰਭ ਅਪਨੈ ਸਾਥ ॥
ਤੂ ਹਮਰੋ ਪ੍ਰੀਤਮੁ ਮਨਮੋਹਨੁ
ਤੁਝ ਬਿਨੁ ਜੀਵਨੁ [1]ਸਗਲ ਅਕਾਥ ॥੧॥ਰਹਾਉ॥
[2]ਰੰਕ ਤੇ ਰਾਉ ਕਰਤ ਖਿਨ ਭੀਤਰਿ[3]
ਪ੍ਰਭੁ ਮੇਰੋ ਅਨਾਥ ਕੋ ਨਾਥ ॥
ਜਲਤ ਅਗਨਿ ਮਹਿ ਜਨ ਆਪਿ ਉਧਾਰੇ,
ਕਰਿ ਅਪੁਨੇ, ਦੇ ਰਾਖੇ ਹਾਥ ॥੧॥
ਸੀਤਲ ਸੁਖੁ ਪਾਇਓ ਮਨ ਤ੍ਰਿਪਤੇ[4]
ਹਰਿ ਸਿਮਰਤ [5]ਸ੍ਰਮ ਸਗਲੇ ਲਾਥ ॥
[6]ਨਿਧਿ ਨਿਧਾਨ ਨਾਨਕ ਹਰਿ ਸੇਵਾ
ਅਵਰ ਸਿਆਨਪ ਸਗਲ ਅਕਾਥ ॥੨॥੬॥

---

੧. ਸਾਰਾ ਬੇਅਰਥ ਹੈ। ੨. ਕੰਗਾਲ ਤੋਂ ਰਾਜਾ। ੩. ਵਿਚ। ੪. ਰੱਜੇ। ੫. ਸਾਰੀ ਨੱਸ-ਭੱਜ ਮੁਕ ਗਈ। ੬. ਨੌ-ਨਿਧੀਆਂ ਦੇ ਖ਼ਜ਼ਾਨੇ।

ਧਨਾਸਰੀ ਮਹਲਾ ੫

ਤੁਮ ਦਾਤੇ ਠਾਕੁਰ ਪ੍ਰਤਿਪਾਲਕ[੧]
ਨਾਇਕ[੨] ਖਸਮ ਹਮਾਰੇ ॥
ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ
ਹਮ ਬਾਰਿਕ ਤੁਮਰੇ ਧਾਰੇ[੩] ॥੧॥
*ਜਿਹਵਾ ਏਕ ਕਵਨ ਗੁਨ ਕਹੀਐ ॥
ਬੇਸੁਮਾਰ ਬੇਅੰਤ ਸੁਆਮੀ
ਤੇਰੋ ਅੰਤੁ ਨ ਕਿਨ ਹੀ ਲਹੀਐ ॥੧॥ਰਹਾਉ॥
[੪]ਕੋਟਿ ਪਰਾਧ ਹਮਾਰੇ ਖੰਡਹੁ[੫]
ਅਨਿਕ ਬਿਧੀ ਸਮਝਾਵਹੁ ॥
ਹਮ ਅਗਿਆਨ ਅਲਪ[੬] ਮਤਿ ਥੋਰੀ
ਤੁਮ ਆਪਨ ਬਿਰਦੁ[੭] ਰਖਾਵਹੁ ॥੨॥
ਤੁਮਰੀ ਸਰਣਿ ਤੁਮਾਰੀ ਆਸਾ
ਤੁਮ ਹੀ ਸਜਨ ਸੁਹੇਲੇ[੮] ॥
ਰਾਖਹੁ ਰਾਖਨਹਾਰ ਦਇਆਲਾ
ਨਾਨਕ ਘਰ ਕੇ [੯]ਗੋਲੇ ॥੩॥੧੨॥

---

੧. ਪਾਲਣ ਵਾਲੇ। ੨. ਆਗੂ। ੩. ਪੈਦਾ ਕੀਤੇ ਹੋਏ। ੪. ਕ੍ਰੋੜਾਂ ਪਾਪ। ੫. ਨਾਸ ਕਰਦੇ ਹੋ। ੬. ਥੋੜੀ। ੭. ਲਾਜ ਪਾਲਣ ਦਾ ਸੁਭਾਅ। ੮. ਸੁਖ ਦੇਣ ਵਾਲੇ। ੯. ਗ਼ੁਲਾਮ, ਨੌਕਰ।



ਬਿਲਾਵਲੁ ਮਹਲਾ ੫

ਰਾਖਹੁ ਅਪਨੀ ਸਰਣਿ ਪ੍ਰਭ, ਮੋਹਿ ਕਿਰਪਾ ਧਾਰੇ ॥
ਸੇਵਾ ਕਛੂ ਨ ਜਾਨਊ, ਨੀਚੁ ਮੂਰਖਾਰੇ ॥੧॥
ਮਾਨੁ ਕਰਉ ਤੁਧੁ ਊਪਰੇ, ਮੇਰੇ ਪ੍ਰੀਤਮ ਪਿਆਰੇ ॥
*ਹਮ ਅਪਰਾਧੀ ਸਦ ਭੂਲਤੇ
ਤੁਮ੍ ਬਖਸਨਹਾਰੇ ॥੧॥ਰਹਾਉ॥
ਹਮ ਅਵਗਨ ਕਰਹ ਅਸੰਖ ਨੀਤਿ
ਤੁਮ੍ [੧]ਨਿਰਗੁਨ ਦਾਤਾਰੇ ॥
ਦਾਸੀ[੨] ਸੰਗਤਿ ਪ੍ਰਭੂ ਤਿਆਗਿ, ਏ ਕਰਮ ਹਮਾਰੇ ॥੨॥
ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ
ਹਮ ਅਕਿਰਤਘਨਾਰੇ ॥
ਲਾਗਿ ਪਰੇ ਤੇਰੇ ਦਾਨ ਸਿਉ
ਨਹ ਚਿਤਿ ਖਸਮਾਰੇ ॥੩॥
ਤੁਝ ਤੇ ਬਾਹਰਿ ਕਿਛੁ ਨਹੀ, ਭਵ[੩] ਕਾਟਨਹਾਰੇ ॥
ਕਹੁ ਨਾਨਕ ਸਰਣਿ ਦਇਆਲ ਗੁਰ
ਲੇਹੁ ਮੁਗਧ ਉਧਾਰੇ ॥੪॥੪॥

---

੧. ਨਿਰਗੁਣਾਂ ਦੇ ਦਾਤੇ। ੨. ਮਾਇਆ। ੩. ਜਨਮ ਮਰਨ।

ਜੈਤਸਰੀ ਮਹਲਾ ੫ ਛੰਤ

*ਜਿਉ ਜਾਨਹੁ ਤਿਉ ਰਾਖੁ
ਹਰਿ ਪ੍ਰਭ ਤੇਰਿਆ ॥
[1]ਕੇਤੇ ਗਨਉ ਅਸੰਖ
ਅਵਗਣ ਮੇਰਿਆ ॥
ਅਸੰਖ ਅਵਗਣ ਖਤੇ[2] ਫੇਰੇ[3]
ਨਿਤਪ੍ਰਤਿ ਸਦ ਭੂਲੀਐ ॥
ਮੋਹ ਮਗਨ ਬਿਕਰਾਲ[4] ਮਾਇਆ
[5]ਤਉ ਪ੍ਰਸਾਦੀ ਘੂਲੀਐ ॥
ਲੂਕ ਕਰਤ ਬਿਕਾਰ ਬਿਖੜੇ[6]
ਪ੍ਰਭ ਨੇਰਹੂ ਤੇ ਨੇਰਿਆ ॥
ਬਿਨਵੰਤਿ[7] ਨਾਨਕ ਦਇਆ ਧਾਰਹੁ
ਕਾਢਿ ਭਵਜਲ ਫੇਰਿਆ ॥੧॥

---

੧. ਕਿਤਨੇ ਗਿਣਾਂ ? ੨. ਕਸੂਰ, ਪਾਪ। ੩. ਭੁਲੇਖੇ। ੪. ਡਰਾਉਣੀ। ੫. ਤੇਰੀ ਕਿਰਪਾ ਨਾਲ ਛੁੱਟ ਸਕਦੇ ਹਾਂ। ੬. ਔਖੇ, ਦੁਖਦਾਈ। ੭. ਬੇਨਤੀ ਕਰਦਾ ਹੈ।



ਬਿਲਾਵਲੁ ਮਹਲਾ ੫

*ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ[1] ॥
ਪਾਰਬ੍ਰਹਮ ਪਰਮੇਸਰ ਸਤਿਗੁਰ
ਹਮ ਬਾਰਿਕ ਤੁਮ੍ ਪਿਤਾ ਕਿਰਪਾਲ ॥੧॥ਰਹਾਉ॥
ਮੋਹਿ ਨਿਰਗੁਣ ਗੁਣੁ ਨਾਹੀ ਕੋਇ
ਪਹੁਚਿ ਨ ਸਾਕਉ ਤੁਮ੍ਰੀ ਘਾਲ ॥
ਤੁਮਰੀ [2]ਗਤਿ ਮਿਤਿ ਤੁਮ ਹੀ ਜਾਨਹੁ
ਜੀਉ[3] ਪਿੰਡੁ[4] ਸਭੁ ਤੁਮਰੋ ਮਾਲ ॥੧॥
ਅੰਤਰਜਾਮੀ[5] ਪੁਰਖ ਸੁਆਮੀ
ਅਨਬੋਲਤ[6] ਹੀ ਜਾਨਹੁ ਹਾਲ ॥
ਤਨੁ ਮਨੁ ਸੀਤਲੁ ਹੋਇ ਹਮਾਰੋ
ਨਾਨਕ ਪ੍ਰਭ ਜੀਉ [7]ਨਦਰਿ ਨਿਹਾਲ ॥੨॥੫॥

---

੧. ਪਾਲਨਾ ਕਰ। ੨. ਲੀਲ੍ਹਾ। ੩ ਜੀਵ-ਆਤਮਾ। ੪. ਸਰੀਰ। ੫. ਅੰਦਰ ਦੀਆਂ ਜਾਣਨ ਵਾਲਾ। ੬. ਬਿਨਾਂ ਦੱਸਿਆਂ। ੭. ਮਿਹਰ ਦੀ ਨਜ਼ਰ ਕਰੇਂ।

### ਸਵਈਏ ਮਹਲੇ ਚਉਥੇ ਕੇ

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ
ਅੰਮ੍ਰਿਤੁ ਛਾਡਿ [੧]ਬਿਖੈ ਬਿਖੁ ਖਾਈ[੨] ॥
ਮਾਯਾ ਮੋਹ ਭਰਮ ਪੈ[੩] ਭੂਲੇ
ਸੁਤ[੪] ਦਾਰਾ[੫] ਸਿਉ[੬] ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ[੭] ਸੁਨਿਓ ਗੁਰ ਸੰਗਤਿ
ਤਿਹ ਮਿਲੰਤ ਜਮ ਤ੍ਰਾਸ[੮] ਮਿਟਾਈ ॥
ਇਕ ਅਰਦਾਸਿ ਭਾਟ[੯] ਕੀਰਤਿ ਕੀ
*ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥

---

੧. ਜ਼ਹਿਰ ਹੀ ਜ਼ਹਿਰ। ੨. ਖਾਈ ਜਾਂਦੇ ਹਾਂ। ੩. ਪੈ ਕੇ। ੪. ਪੁੱਤਰ। ੫. ਇਸਤ੍ਰੀ। ੬. ਨਾਲ। ੭. ਰਾਹ। ੮. ਡਰ। ੯. ਭੱਟ।



### ਮ: ੧ (ਵਾਰ ਸਿਰੀਰਾਗ)

*ਗਲੀ ਅਸੀ ਚੰਗੀਆ
ਆਚਾਰੀ[੧] ਬੁਰੀਆਹ ॥
ਮਨਹੁ ਕੁਸੁਧਾ[੨] ਕਾਲੀਆ
ਬਾਹਰਿ ਚਿਟਵੀਆਹ ॥
ਰੀਸਾ ਕਰਿਹ ਤਿਨਾੜੀਆ[੩]
ਜੋ [੪]ਸੇਵਹਿ ਦਰੁ ਖੜੀਆਹ ॥
ਨਾਲਿ ਖਸਮੈ ਰਤੀਆ[੫]
ਮਾਣਹਿ ਸੁਖਿ ਰਲੀਆਹ ॥
ਹੋਦੈ ਤਾਣਿ ਨਿਤਾਣੀਆ[੬]
ਰਹਹਿ ਨਿਮਾਨਣੀਆਹ[੬] ॥
ਨਾਨਕ ਜਨਮੁ ਸਕਾਰਥਾ[੭]
ਜੇ ਤਿਨ ਕੈ ਸੰਗਿ ਮਿਲਾਹ ॥੨॥

---

੧. ਅਮਲਾਂ ਕਰ ਕੇ। ੨. ਖੋਟੀਆਂ। ੩. ਉਨ੍ਹਾਂ ਦੀਆਂ। ੪. ਵਾਹਿਗੁਰੂ ਦੇ ਦਰ 'ਤੇ ਖਲੋ ਕੇ ਸੇਵਾ ਕਰਦੀਆਂ ਹਨ। ੫. ਪਿਆਰ ਵਿਚ ਭਿਜੀਆਂ। ੬. ਨਿਰਮਾਣ। ੭. ਸਫਲ।

ਤੁਖਾਰੀ ਮਹਲਾ ੧

ਭੋਲਾਵੜੈ[1] ਭੁਲੀ
*ਭੁਲਿ ਭੁਲਿ ਪਛੋਤਾਣੀ ॥
ਪਿਰਿ[2] ਛੋਡਿਅੜੀ ਸੁਤੀ
ਪਿਰ ਕੀ ਸਾਰ[3] ਨ ਜਾਣੀ ॥
ਪਿਰਿ ਛੋਡੀ ਸੁਤੀ, [4]ਅਵਗਣਿ ਮੁਤੀ
ਤਿਸੁ ਧਨ [5]ਵਿਧਣ ਰਾਤੇ ॥
ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ[6]
ਹਉਮੈ ਲਗੀ ਤਾਤੇ[7] ॥
ਉਡਰਿ ਹੰਸੁ[8] ਚਲਿਆ ਫੁਰਮਾਇਆ
ਭਸਮੈ ਭਸਮ ਸਮਾਣੀ ॥
ਨਾਨਕ ਸਚੇ ਨਾਮ ਵਿਹੂਣੀ[9]
ਭੁਲਿ ਭੁਲਿ ਪਛੋਤਾਣੀ ॥੧॥

---

੧. ਕੁਹਜੇ ਭੁਲੇਖੇ ਵਿਚ। ੨. ਪ੍ਰਭੂ-ਪਤੀ ਨੇ। ੩. ਕਦਰ। ੪. ਅਵਗੁਣਾਂ ਕਾਰਨ ਪਤੀ ਨੇ ਛੱਡ ਦਿੱਤੀ। ੫. ਦੁਖਦਾਈ ਰਾਤ। ੬. ਨਾਸ ਹੋਈ। ੭. ਈਰਖਾ। ੮. ਜੀਵਾਤਮਾ। ੯. ਖ਼ਾਲੀ।



ਵਾਰਾਂ ਭਾਈ ਗੁਰਦਾਸ ਜੀ

*ਹਉ ਅਪਰਾਧੀ ਗੁਨਹਗਾਰ
ਹਉ ਬੇਮੁਖ ਮੰਦਾ ॥
ਚੋਰੁ ਯਾਰੁ ਜੁਆਰਿ[1] ਹਉ
ਪਰ ਘਰਿ ਜੋਹੰਦਾ[2] ॥
ਨਿੰਦਕੁ ਦੁਸਟੁ ਹਰਾਮਖੋਰੁ
ਠਗੁ ਦੇਸ ਠਗੰਦਾ ॥
ਕਾਮੁ ਕ੍ਰੋਧੁ ਮਦੁ[3] ਲੋਭੁ ਮੋਹੁ
ਅਹੰਕਾਰ ਕਰੰਦਾ ॥
ਬਿਸਾਸਘਾਤੀ[4] ਅਕਿਰਤਘਨ
ਮੈ ਕੋ ਨ ਰਖੰਦਾ ॥
ਸਿਮਰਿ ਮੁਰੀਦਾ ਢਾਢੀਆ[5]
ਸਤਿਗੁਰੁ ਬਖਸੰਦਾ ॥੨੧॥(੩੬)

---

੧. ਜੁਆਰੀਆ। ੨. ਭੈੜੀ ਨਜ਼ਰੇ ਵੇਖਣਾ। ੩. ਮਸਤੀ। ੪. ਵਿਸ਼ਵਾਸ ਦੇ ਕੇ ਮਾਰਨ ਵਾਲਾ। ੫. ਜੱਸ ਗਾਉਣ ਵਾਲਾ।

ਕਾਨੜਾ ਮਹਲਾ ੫

ਕੁਚਿਲ[੧] ਕਠੋਰ[੨] ਕਪਟ[੩] ਕਾਮੀ ॥

*ਜਿਉ ਜਾਨਹਿ ਤਿਉ ਤਾਰਿ ਸੁਆਮੀ ॥੧॥ਰਹਾਉ॥

ਤੂ ਸਮਰਥੁ ਸਰਨਿ ਜੋਗੁ ਤੂ
ਰਾਖਹਿ ਅਪਨੀ [੪]ਕਲ ਧਾਰਿ ॥੧॥

ਜਾਪ ਤਾਪ ਨੇਮ ਸੁਚਿ[੫] ਸੰਜਮ
ਨਾਹੀ ਇਨ ਬਿਧੇ ਛੁਟਕਾਰ ॥

ਗਰਤ[੬] ਘੋਰ[੭] ਅੰਧ ਤੇ ਕਾਢਹੁ
ਪ੍ਰਭ ਨਾਨਕ ਨਦਰਿ[੮] ਨਿਹਾਰਿ ॥੨॥੮॥

---

੧. ਗੰਦਾ। ੨. ਪੱਥਰ-ਚਿਤ। ੩. ਪਖੰਡੀ। ੪. ਕਲਾ, ਸ਼ਕਤੀ ਵਰਤਾ ਕੇ। ੫. ਪਵਿੱਤਰਤਾ। ੬. ਟੋਏ। ੭. ਡੂੰਘੇ। ੮. ਮਿਹਰ ਦੀ ਨਜ਼ਰ ਨਾਲ ਵੇਖ ਕੇ।



ਸਲੋਕ ਮਹਲਾ ੩

ਅਸੀ ਖਤੇ[੧] ਬਹੁਤੁ ਕਮਾਵਦੇ
ਅੰਤੁ ਨ ਪਾਰਾਵਾਰੁ ॥

ਹਰਿ ਕਿਰਪਾ ਕਰਿ ਕੈ ਬਖਸਿ ਲੈਹੁ
*ਹਉ[੨] ਪਾਪੀ ਵਡ ਗੁਨਹਗਾਰੁ ॥

ਹਰਿ ਜੀਉ [੩]ਲੇਖੈ ਵਾਰ ਨ ਆਵਈ
ਤੂੰ ਬਖਸਿ ਮਿਲਾਵਣਹਾਰੁ ॥

ਗੁਰ ਤੁਠੈ[੪] ਹਰਿ ਪ੍ਰਭੁ ਮੇਲਿਆ
ਸਭ ਕਿਲਵਿਖ[੧] ਕਟਿ ਵਿਕਾਰ ॥

ਜਿਨਾ ਹਰਿ ਹਰਿ ਨਾਮੁ ਧਿਆਇਆ
ਜਨ ਨਾਨਕ ਤਿਨ੍ ਜੈਕਾਰੁ ॥੨੯॥

---

੧. ਪਾਪ। ੨. ਮੈਂ। ੩. ਲੇਖਾ ਕੀਤਿਆਂ ਪੂਰੀ ਨਹੀਂ ਪੈ ਸਕਦੀ। ੪. ਮਿਹਰਬਾਨ ਹੋ ਕੇ।

### ਸੋਰਠਿ ਮਹਲਾ ੫

**ਹਮ ਮੈਲੇ ਤੁਮ ਊਜਲ ਕਰਤੇ, ਹਮ ਨਿਰਗੁਨ ਤੂ ਦਾਤਾ ॥ ਹਮ ਮੂਰਖ ਤੁਮ ਚਤੁਰ[੧] ਸਿਆਣੇ, ਤੂ ਸਰਬ ਕਲਾ ਕਾ ਗਿਆਤਾ[੨] ॥੧॥ *ਮਾਧੌ ਹਮ ਐਸੇ, ਤੂ ਐਸਾ ॥ ਹਮ ਪਾਪੀ ਤੁਮ [੩]ਪਾਪ ਖੰਡਨ, ਨੀਕੋ[੪] ਠਾਕੁਰ ਦੇਸਾ ॥ਰਹਾਉ॥ ਤੁਮ ਸਭ ਸਾਜੇ [੫]ਸਾਜਿ ਨਿਵਾਜੇ, ਜੀਉ ਪਿੰਡੁ[੬] ਦੇ ਪ੍ਰਾਨਾ ॥ ਨਿਰਗੁਨੀਆਰੇ ਗੁਨੁ ਨਹੀ ਕੋਈ, ਤੁਮ ਦਾਨੁ ਦੇਹੁ ਮਿਹਰਵਾਨਾ ॥੨॥ ਤੁਮ ਕਰਹੁ ਭਲਾ ਹਮ ਭਲੋ ਨ ਜਾਨਹ, ਤੁਮ ਸਦਾ ਸਦਾ ਦਇਆਲਾ ॥ ਤੁਮ ਸੁਖਦਾਈ ਪੁਰਖ ਬਿਧਾਤੇ[੭], ਤੁਮ ਰਾਖਹੁ ਅਪੁਨੇ ਬਾਲਾ ॥੩॥ ਤੁਮ ਨਿਧਾਨ[੮] ਅਟਲ ਸੁਲਿਤਾਨ, ਜੀਅ ਜੰਤ ਸਭਿ ਜਾਚੈ[੯] ॥ ਕਹੁ ਨਾਨਕ ਹਮ ਇਹੈ ਹਵਾਲਾ, ਰਾਖੁ ਸੰਤਨ ਕੈ ਪਾਛੈ ॥੪॥੬॥**

---

੧. ਸਾਵਧਾਨ। ੨. ਜਾਣਨ ਵਾਲਾ। ੩. ਪਾਪ ਨਾਸ ਕਰਨ ਵਾਲੇ। ੪. ਚੰਗਾ। ੫. ਪੈਦਾ ਕਰਕੇ ਮਾਣ ਦਿੱਤਾ। ੬. ਸਰੀਰ। ੭. ਪੈਦਾ ਕਰਨ ਵਾਲੇ। ੮. ਖ਼ਜ਼ਾਨਾ। ੯. ਮੰਗਦੇ ਹਨ।



### ਧਨਾਸਰੀ ਰਵਿਦਾਸ ਜੀ

**[੧]ਹਮ ਸਰਿ ਦੀਨੁ[੨], ਦਇਆਲੁ ਨ ਤੁਮ ਸਰਿ**
**ਅਬ ਪਤੀਆਰੁ[੩] ਕਿਆ ਕੀਜੈ ॥**

**[੪]ਬਚਨੀ ਤੋਰ ਮੋਰ[੫] ਮਨੁ ਮਾਨੈ**
**ਜਨ ਕਉ ਪੂਰਨੁ[੬] ਦੀਜੈ ॥੧॥**

***ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥**
**ਕਾਰਨ ਕਵਨ ਅਬੋਲ ॥ਰਹਾਉ॥**

**ਬਹੁਤ ਜਨਮ ਬਿਛੁਰੇ ਥੇ ਮਾਧਉ**
**ਇਹੁ ਜਨਮੁ [੭]ਤੁਮ੍ਾਰੇ ਲੇਖੇ ॥**

**ਕਹਿ ਰਵਿਦਾਸ ਆਸ ਲਗਿ ਜੀਵਉ**
**ਚਿਰ ਭਇਓ ਦਰਸਨੁ ਦੇਖੇ ॥੨॥੧॥**

---

੧. ਸਾਡੇ ਵਰਗਾ। ੨. ਨਿਮਾਣਾ। ੩. ਪਰਤਾਵਾ। ੪. ਤੇਰੀਆਂ ਗੱਲਾਂ, ਤੇਰੀ ਸਿਫ਼ਤਿ। ੫. ਮੇਰਾ। ੬. ਪੂਰਾ ਸਿਦਕ। ੭. ਤੇਰੇ ਲਈ, ਭਾਵ, ਤੇਰਾ ਸਿਮਰਨ ਕਰਨ ਲਈ।

ਸੋਰਠਿ ਮਹਲਾ ੫

[1]ਹਮਰੀ ਗਣਤ ਨ ਗਣੀਆ ਕਾਈ
ਅਪਣਾ ਬਿਰਦੁ ਪਛਾਣਿ[2] ॥
ਹਾਥ ਦੇਇ ਰਾਖੇ ਕਰਿ ਅਪੁਨੇ
ਸਦਾ ਸਦਾ ਰੰਗੁ ਮਾਣਿ ॥੧॥
*ਸਾਚਾ ਸਾਹਿਬੁ ਸਦ ਮਿਹਰਵਾਣ ॥
ਬੰਧੁ[3] ਪਾਇਆ ਮੇਰੈ ਸਤਿਗੁਰ ਪੂਰੈ
ਹੋਈ ਸਰਬ ਕਲਿਆਣ ॥ਰਹਾਉ॥
[4]ਜੀਉ ਪਾਇ ਪਿੰਡੁ ਜਿਨਿ ਸਾਜਿਆ
ਦਿਤਾ ਪੈਨਣੁ ਖਾਣੁ ॥
ਅਪਣੇ ਦਾਸ ਕੀ ਆਪਿ ਪੈਜ ਰਾਖੀ
ਨਾਨਕ ਸਦ ਕੁਰਬਾਣੁ ॥੨॥੧੬॥

---

੧. ਸਾਡਾ ਲੇਖਾ ਕੋਈ ਨਾ ਗਿਣਿਆ। ੨. ਪਛਾਣਤਾ। ੩. ਰੋਕ। ੪. ਜੀਵ ਪੈਦਾ ਕਰ ਕੇ ਜਿਸ ਨੇ ਸਰੀਰ ਬਣਾਇਆ।



ਸਾਰਗ ਮਹਲਾ ੫

*ਪ੍ਰਭ ਜੀ ਮੋਹਿ ਕਵਨੁ ਅਨਾਥੁ[1] ਬਿਚਾਰਾ ॥
ਕਵਨ ਮੂਲ ਤੇ ਮਾਨੁਖੁ ਕਰਿਆ
ਇਹੁ ਪਰਤਾਪੁ ਤੁਹਾਰਾ ॥੧॥ਰਹਾਉ॥
ਜੀਅ ਪ੍ਰਾਣ ਸਰਬ ਕੇ ਦਾਤੇ
ਗੁਣ ਕਹੇ ਨ ਜਾਹਿ ਅਪਾਰਾ[2] ॥
ਸਭ ਕੇ ਪ੍ਰੀਤਮ [3]ਸ੍ਰਬ ਪ੍ਰਤਿਪਾਲਕ
ਸਰਬ ਘਟਾਂ[4] ਆਧਾਰਾ[5] ॥੧॥
ਕੋਇ ਨ ਜਾਣੈ ਤੁਮਰੀ [6]ਗਤਿ ਮਿਤਿ
ਆਪਹਿ ਏਕ ਪਸਾਰਾ[7] ॥
[8]ਸਾਧ ਨਾਵ ਬੈਠਾਵਹੁ ਨਾਨਕ
[9]ਭਵ ਸਾਗਰੁ ਪਾਰਿ ਉਤਾਰਾ ॥੨॥੫੮॥

---

੧. ਯਤੀਮ। ੨. ਬਹੁਤੇ, ਬੇਅੰਤ। ੩. ਸਾਰਿਆਂ ਨੂੰ ਪਾਲਣ ਵਾਲੇ। ੪. ਜੀਵਾਂ ਦੇ। ੫. ਆਸਰਾ। ੬. ਲੀਲ੍ਹਾ। ੭. ਵਿਸਥਾਰ। ੮. ਸਾਧ ਸੰਗਤਿ ਰੂਪੀ ਬੇੜੀ। ੯. ਸੰਸਾਰ-ਸਮੁੰਦਰ।

ਸਲੋਕ ਮਹਲਾ ੪ (ਵਾਰ ਕਾਨੜਾ)

ਹਮਰੀ ਜਿਹਬਾ ਏਕ ਪ੍ਰਭ
ਹਰਿ ਕੇ ਗੁਣ [੧]ਅਗਮ ਅਥਾਹ ॥
ਹਮ ਕਿਉਕਰਿ ਜਪਹ ਇਆਣਿਆ
ਹਰਿ ਤੁਮ ਵਡ ਅਗਮ ਅਗਾਹ[੧] ॥
ਹਰਿ ਦੇਹੁ ਪ੍ਰਭੂ ਮਤਿ ਊਤਮਾ
ਗੁਰ ਸਤਿਗੁਰ ਕੈ [੨]ਪਗਿ ਪਾਹ ॥
ਸਤਸੰਗਤਿ ਹਰਿ ਮੇਲਿ ਪ੍ਰਭ
ਹਮ ਪਾਪੀ ਸੰਗਿ ਤਰਾਹ ॥
ਜਨ ਨਾਨਕ ਕਉ ਹਰਿ ਬਖਸਿ ਲੈਹੁ
ਹਰਿ ਤੁਠੈ[੩] ਮੇਲਿ ਮਿਲਾਹ ॥
*ਹਰਿ ਕਿਰਪਾ ਕਰਿ ਸੁਣਿ ਬੇਨਤੀ
ਹਮ ਪਾਪੀ ਕਿਰਮ[੪] ਤਰਾਹ ॥੧॥

੧. ਬੇਅੰਤ। ੨. ਪੈਰੀਂ ਪਵਾਂ। ੩. ਮਿਹਰਵਾਨ ਹੋ ਕੇ। ੪. ਕੀੜੇ।



ਗਉੜੀ ਮਹਲਾ ੫

*ਰਾਖੁ ਪਿਤਾ ਪ੍ਰਭ ਮੇਰੇ ॥
ਮੋਹਿ ਨਿਰਗੁਨੁ ਸਭ ਗੁਨ ਤੇਰੇ ॥੧॥ਰਹਾਉ॥
ਪੰਚ[੧] ਬਿਖਾਦੀ[੨] ਏਕੁ ਗਰੀਬਾ, ਰਾਖਹੁ ਰਾਖਨਹਾਰੇ ॥ ਖੇਦੁ[੩] ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥੧॥ ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ, ਛੋਡਹਿ ਕਤਹੂੰ ਨਾਹੀ ॥ ਏਕ ਬਾਤ ਸੁਨਿ ਤਾਕੀ[੪] ਓਟਾ, ਸਾਧ ਸੰਗਿ ਮਿਟਿ ਜਾਹੀ ॥੨॥ ਕਰਿ ਕਿਰਪਾ ਸੰਤ ਮਿਲੇ ਮੋਹਿ, ਤਿਨ ਤੇ ਧੀਰਜੁ ਪਾਇਆ ॥ ਸੰਤੀ ਮੰਤੁ[੫] ਦੀਓ ਮੋਹਿ ਨਿਰਭਉ, ਗੁਰ ਕਾ ਸਬਦੁ[੫] ਕਮਾਇਆ ॥੩॥ ਜੀਤਿ ਲਏ ਓਇ ਮਹਾ ਬਿਖਾਦੀ[੨], ਸਹਜ ਸੁਹੇਲੀ ਬਾਣੀ ॥ ਕਹੁ ਨਾਨਕ ਮਨਿ ਭਇਆ ਪਰਗਾਸਾ[੬], ਪਾਇਆ [੭]ਪਦੁ ਨਿਰਬਾਣੀ ॥੪॥੪॥

੧. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ੨. ਫ਼ਸਾਦੀ। ੩. ਦੁਖ। ੪. ਵੇਖੀ। ੫. ਗੁਰ-ਮੰਤਰ। ੬. ਚਾਨਣਾ। ੭. ਉੱਚ ਅਵਸਥਾ।

## ਸਲੋਕ ਮਹਲਾ ੫ (ਵਾਰ ਰਾਮਕਲੀ)

*ਕਰਿ ਕਿਰਪਾ ਕਿਰਪਾਲ ਆਪੇ ਬਖਸਿ ਲੈ ॥
ਸਦਾ ਸਦਾ ਜਪੀ ਤੇਰਾ ਨਾਮੁ, ਸਤਿਗੁਰ [੧]ਪਾਇ ਪੈ ॥
ਮਨ ਤਨ ਅੰਤਰਿ ਵਸੁ, ਦੂਖਾ ਨਾਸੁ ਹੋਇ ॥
ਹਥ ਦੇਇ ਆਪਿ ਰਖੁ, ਵਿਆਪੈ[੨] ਭਉ[੩] ਨ ਕੋਇ ॥
ਗੁਣ ਗਾਵਾ ਦਿਨੁ ਰੈਣਿ[੪], ਏਤੈ ਕੰਮਿ ਲਾਇ ॥
ਸੰਤ ਜਨਾ ਕੈ ਸੰਗਿ, ਹਉਮੈ ਰੋਗੁ ਜਾਇ ॥
ਸਰਬ ਨਿਰੰਤਰਿ[੫] ਖਸਮੁ, ਏਕੋ [੬]ਰਵਿ ਰਹਿਆ ॥
[੭]ਗੁਰ ਪਰਸਾਦੀ ਸਚੁ[੮], ਸਚੋ ਸਚੁ ਲਹਿਆ[੯] ॥
ਦਇਆ ਕਰਹੁ ਦਇਆਲ
ਅਪਣੀ ਸਿਫਤਿ ਦੇਹੁ ॥
ਦਰਸਨੁ ਦੇਖਿ ਨਿਹਾਲ,
ਨਾਨਕ ਪ੍ਰੀਤਿ ਏਹੁ ॥੧॥

---

੧. ਪੈਰੀਂ ਪੈ ਕੇ। ੨. ਅਸਰ ਕਰੇ। ੩. ਡਰ। ੪. ਰਾਤ। ੫. ਅੰਦਰ। ੬. ਵਸ ਰਿਹਾ ਹੈ। ੭. ਗੁਰੂ ਦੀ ਕਿਰਪਾ ਨਾਲ। ੮. ਵਾਹਿਗੁਰੂ। ੯. ਪਛਾਣਿਆ।



## ਸੋਰਠਿ ਮਹਲਾ ੫

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ, ਸਰਬ ਜੀਆ ਕਾ ਦਾਤਾ ਰੇ ॥ ਪ੍ਰਤਿਪਾਲੈ ਨਿਤ [੧]ਸਾਰਿ ਸਮਾਲੈ, ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥ ਹਰਿ ਆਰਾਧਿ ਨ ਜਾਨਾ ਰੇ ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥ ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ਰਹਾਉ॥ ਦੀਨ ਦਇਆਲ ਕ੍ਰਿਪਾਲ ਸੁਖ ਸਾਗਰ, ਸਰਬ ਘਟਾ[੨] ਭਰਪੂਰੀ ਰੇ ॥ ਪੇਖਤ[੩] ਸੁਨਤ ਸਦਾ ਹੈ ਸੰਗੇ, ਮੈ ਮੂਰਖ ਜਾਨਿਆ ਦੂਰੀ ਰੇ ॥੨॥ ਹਰਿ ਬਿਅੰਤੁ [੪]ਹਉ ਮਿਤਿ ਕਰਿ ਵਰਨਉ, ਕਿਆ ਜਾਨਾ ਹੋਇ ਕੈਸੋ ਰੇ ॥ ਕਰਉ ਬੇਨਤੀ ਸਤਿਗੁਰ ਅਪੁਨੇ, ਮੈ ਮੂਰਖ ਦੇਹੁ ਉਪਦੇਸੋ ਰੇ ॥੩॥ *ਮੈ ਮੂਰਖ ਕੀ ਕੇਤਕ ਬਾਤ ਹੈ, ਕੋਟਿ ਪਰਾਧੀ ਤਰਿਆ ਰੇ ॥ ਗੁਰੁ ਨਾਨਕੁ ਜਿਨ ਸੁਣਿਆ ਪੇਖਿਆ, ਸੇ ਫਿਰਿ ਗਰਭਾਸਿ[੫] ਨ ਪਰਿਆ ਰੇ ॥੪॥੨॥

---

੧. ਖ਼ਬਰ-ਸੁਰਤਿ ਲੈਂਦਾ ਹੈ। ੨. ਹਿਰਦਿਆਂ ਵਿਚ। ੩. ਵੇਖਦਾ। ੪. ਮੈਂ ਹਦ ਵਾਲਾ ਦਸਦਾ ਹਾਂ। ੫. ਮਾਤਾ ਦੇ ਪੇਟ ਵਿਚ।

ਦੇਵਗੰਧਾਰੀ ਮਹਲਾ ੫

*ਮਨ ਜਿਉ ਅਪੁਨੇ ਪ੍ਰਭ ਭਾਵਉ ॥

ਨੀਚਹੁ ਨੀਚੁ ਨੀਚੁ ਅਤਿ ਨਾਨ੍ਾ[1]
ਹੋਇ ਗਰੀਬੁ ਬੁਲਾਵਉ ॥੧॥ਰਹਾਉ॥

ਅਨਿਕ ਅਡੰਬਰ[2] ਮਾਇਆ ਕੇ ਬਿਰਥੇ[3]
ਤਾ ਸਿਉ ਪ੍ਰੀਤਿ ਘਟਾਵਉ ॥

ਜਿਉ ਅਪੁਨੋ ਸੁਆਮੀ [4]ਸੁਖੁ ਮਾਨੈ
ਤਾ ਮਹਿ [5]ਸੋਭਾ ਪਾਵਉ ॥੧॥

ਦਾਸਨ ਦਾਸ ਰੇਣੁ[6] ਦਾਸਨ ਕੀ
ਜਨ ਕੀ ਟਹਲ ਕਮਾਵਉ ॥

ਸਰਬ ਸੂਖ ਬਡਿਆਈ ਨਾਨਕ
ਜੀਵਉ ਮੁਖਹੁ ਬੁਲਾਵਉ[7] ॥੨॥੫॥

---

੧. ਨੀਵਾਂ। ੨. ਦਿਖਾਵੇ। ੩. ਫ਼ਜ਼ੂਲ। ੪. ਚੰਗਾ ਸਮਝੇ। ੫. ਮੈਂ ਸੋਭਾ ਪਾਵਾਂ। ੬. ਧੂੜੀ। ੭. ਸਿਫ਼ਤਿ ਕਰਦਾ ਹਾਂ।



ਪਉੜੀ (ਵਾਰ ਗੂਜਰੀ)

ਹਉ ਮਾਗਉ ਤੁਝੈ[1] ਦਇਆਲ, ਕਰਿ [2]ਦਾਸਾ ਗੋਲਿਆ ॥ ਨਉ ਨਿਧਿ ਪਾਈ ਰਾਜੁ, ਜੀਵਾ ਬੋਲਿਆ[3] ॥ ਅੰਮ੍ਰਿਤ ਨਾਮੁ ਨਿਧਾਨੁ, ਦਾਸਾ ਘਰਿ ਘਣਾ[4] ॥ ਤਿਨ ਕੈ ਸੰਗਿ ਨਿਹਾਲੁ, ਸ੍ਰਵਣੀ[5] ਜਸੁ ਸੁਣਾ ॥ ਕਮਾਵਾ ਤਿਨ ਕੀ ਕਾਰ[6], ਸਰੀਰੁ ਪਵਿਤੁ ਹੋਇ ॥ ਪਖਾ ਪਾਣੀ ਪੀਸਿ, ਬਿਗਸਾ[7] ਪੈਰ ਧੋਇ ॥ ਆਪਹੁ ਕਛੂ ਨ ਹੋਇ, ਪ੍ਰਭ [8]ਨਦਰਿ ਨਿਹਾਲੀਐ ॥ *ਮੋਹਿ ਨਿਰਗੁਣ ਦਿਚੈ ਥਾਉ, ਸੰਤ ਧਰਮਸਾਲੀਐ ॥੩॥

---

੧. ਤੇਰੇ ਪਾਸੋਂ। ੨. ਦਾਸਾਂ ਦਾ ਦਾਸ। ੩. ਜਸ ਗਾਉਣ ਨਾਲ। ੪. ਬਹੁਤਾ। ੫. ਕੰਨਾਂ ਨਾਲ। ੬. ਸੇਵਾ। ੭. ਪ੍ਰਸੰਨ ਹੁੰਦਾ ਹਾਂ। ੮. ਮਿਹਰ ਦੀ ਨਜ਼ਰ ਨਾਲ ਤਕੇ।

ਧਨਾਸਰੀ ਮਹਲਾ ੫

ਪਾਨੀ ਪਖਾ ਪੀਸਉ[1] ਸੰਤ ਆਗੈ, ਗੁਣ ਗੋਵਿੰਦ ਜਸੁ ਗਾਈ ॥ ਸਾਸਿ ਸਾਸਿ ਮਨੁ ਨਾਮੁ ਸਮ੍ਾਰੈ[2] ਇਹੁ [3]ਬਿਸ੍ਰਾਮ ਨਿਧਿ ਪਾਈ ॥੧॥ *ਤੁਮ੍ ਕਰਹੁ ਦਇਆ ਮੇਰੇ ਸਾਈ ॥ ਐਸੀ ਮਤਿ ਦੀਜੈ ਮੇਰੇ ਠਾਕੁਰ, ਸਦਾ ਸਦਾ ਤੁਧੁ ਧਿਆਈ ॥੧॥ਰਹਾਉ॥ ਤੁਮ੍ਰੀ ਕ੍ਰਿਪਾ ਤੇ ਮੋਹੁ ਮਾਨੁ ਛੂਟੈ, [4]ਬਿਨਸਿ ਜਾਇ ਭਰਮਾਈ ॥ ਅਨਦ ਰੂਪੁ ਰਵਿਓ ਸਭ ਮਧੇ[5], ਜਤ ਕਤ ਪੇਖਉ[6] ਜਾਈ[7] ॥੨॥ ਤੁਮ੍ ਦਇਆਲ ਕਿਰਪਾਲ ਕ੍ਰਿਪਾਨਿਧਿ[8], [9]ਪਤਿਤ ਪਾਵਨ ਗੋਸਾਈ ॥ ਕੋਟਿ[10] ਸੂਖ ਆਨੰਦ ਰਾਜ ਪਾਏ, ਮੁਖ ਤੇ ਨਿਮਖ ਬੁਲਾਈ ॥੩॥ ਜਾਪ ਤਾਪ ਭਗਤਿ ਸਾ ਪੂਰੀ, ਜੋ ਪ੍ਰਭ ਕੈ ਮਨਿ ਭਾਈ ॥ ਨਾਮੁ ਜਪਤ ਤ੍ਰਿਸਨਾ ਸਭ ਬੁਝੀ ਹੈ, ਨਾਨਕ [11]ਤ੍ਰਿਪਤਿ ਅਘਾਈ ॥੪॥੧੦॥

---

੧. ਆਟਾ ਪੀਹਵਾਂ। ੨. ਯਾਦ ਕਰੇ। ੩. ਸੁਖ ਦਾ ਖ਼ਜ਼ਾਨਾ। ੪. ਨਾਸ ਹੋ ਜਾਏ। ੫. ਵਿਚ। ੬. ਵੇਖਾਂ। ੭. ਥਾਵਾਂ। ੮. ਕਿਰਪਾਲੂ। ੯. ਪਾਪੀਆਂ ਨੂੰ ਪਵਿੱਤਰ ਕਰਨ ਵਾਲਾ। ੧੦. ਕ੍ਰੋੜਾਂ। ੧੧. ਪੂਰਨ ਤੌਰ 'ਤੇ ਰੱਜ ਜਾਈਦਾ ਹੈ।



ਦੇਵਗੰਧਾਰੀ ਮਹਲਾ ੫

*ਪ੍ਰਭ ਇਹੈ ਮਨੋਰਥੁ ਮੇਰਾ ॥
[1]ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ
ਕਰਿ ਸੰਤਨ ਕਾ ਚੇਰਾ ॥ਰਹਾਉ॥
ਪ੍ਰਾਤਹਕਾਲ[2] ਲਾਗਉ ਜਨ[3] ਚਰਨੀ
[4]ਨਿਸ ਬਾਸੁਰ ਦਰਸੁ ਪਾਵਉ ॥
ਤਨੁ ਮਨੁ ਅਰਪਿ[5], ਕਰਉ ਜਨ ਸੇਵਾ
ਰਸਨਾ ਹਰਿ ਗੁਨ ਗਾਵਉ ॥੧॥
ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ
ਸੰਤ ਸੰਗਿ ਨਿਤ ਰਹੀਐ ॥
ਏਕੁ ਅਧਾਰੁ[6] ਨਾਮੁ ਧਨੁ ਮੋਰਾ
ਅਨਦੁ ਨਾਨਕ ਇਹੁ ਲਹੀਐ ॥੨॥੨੬॥

---

੧. ਕਿਰਪਾ ਦੇ ਖ਼ਜ਼ਾਨੇ, ਵਾਹਿਗੁਰੂ। ੨. ਸਵੇਰ ਵੇਲੇ। ੩. ਤੇਰੇ ਜਨ, ਸਤਿਗੁਰੂ ਦੀ। ੪. ਰਾਤ ਦਿਨ। ੫. ਹਵਾਲੇ ਕਰ ਕੇ। ੬. ਆਸਰਾ।

ਆਸਾ ਘਰੁ ੮ ਕਾਫੀ ਮਹਲਾ ੫

ਮੈ ਬੰਦਾ[1] ਬੈਖਰੀਦੁ[2], ਸਚੁ ਸਾਹਿਬੁ ਮੇਰਾ ॥ ਜੀਉ[3] ਪਿੰਡੁ[4] ਸਭੁ ਤਿਸ ਦਾ, ਸਭੁ ਕਿਛੁ ਹੈ ਤੇਰਾ ॥੧॥ *ਮਾਣੁ ਨਿਮਾਣੇ ਤੂੰ ਧਣੀ[5], ਤੇਰਾ ਭਰਵਾਸਾ ॥ ਬਿਨੁ ਸਾਚੇ ਅਨ[6] ਟੇਕ ਹੈ, ਸੋ ਜਾਣਹੁ ਕਾਚਾ ॥੧॥ਰਹਾਉ॥ ਤੇਰਾ ਹੁਕਮੁ ਅਪਾਰ ਹੈ, ਕੋਈ ਅੰਤੁ ਨ ਪਾਏ ॥ ਜਿਸੁ ਗੁਰੁ ਪੂਰਾ ਭੇਟਸੀ[7], ਸੋ ਚਲੈ ਰਜਾਏ ॥੨॥ ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥ ਤੁਠਾ[8] ਸਾਹਿਬੁ ਜੋ ਦੇਵੈ, ਸੋਈ ਸੁਖੁ ਪਾਈਐ ॥੩॥ ਜੇ ਲਖ ਕਰਮ ਕਮਾਈਅਹਿ, ਕਿਛੁ [9]ਪਵੈ ਨ ਬੰਧਾ ॥ ਜਨ ਨਾਨਕ ਕੀਤਾ ਨਾਮੁ ਧਰ, ਹੋਰੁ ਛੋਡਿਆ ਧੰਧਾ ॥੪॥੧॥

---

੧. ਗੁਲਾਮ। ੨. ਮੁੱਲ-ਖ਼ਰੀਦ। ੩. ਆਤਮਾ। ੪. ਸਰੀਰ। ੫. ਮਾਲਕ। ੬. ਹੋਰ। ੭. ਮਿਲੇਗਾ। ੮. ਤ੍ਰੁਠ ਕੇ, ਪ੍ਰਸੰਨ ਹੋ ਕੇ। ੯. ਬੰਧ ਨਹੀਂ ਪੈਂਦਾ, ਤ੍ਰਿਸ਼ਨਾ ਨਹੀਂ ਮੁਕਦੀ।



ਗਉੜੀ ਮਹਲਾ ੩

*ਮਿਲੁ ਮੇਰੇ ਪ੍ਰੀਤਮਾ ਜੀਉ
ਤੁਧੁ ਬਿਨੁ ਖਰੀ[1] ਨਿਮਾਣੀ ॥
ਮੈ ਨੈਣੀ ਨੀਦ ਨ ਆਵੈ ਜੀਉ
ਭਾਵੈ ਅੰਨੁ ਨ ਪਾਣੀ ॥
ਪਾਣੀ ਅੰਨੁ ਨ ਭਾਵੈ ਮਰੀਐ ਹਾਵੈ[2]
ਬਿਨੁ ਪਿਰ ਕਿਉ ਸੁਖੁ ਪਾਈਐ ॥
ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ
ਜਿਉ ਮਿਲੈ ਤਿਵੈ ਮਿਲਾਈਐ ॥
ਆਪੇ ਮੇਲਿ ਲਏ ਸੁਖਦਾਤਾ
ਆਪਿ ਮਿਲਿਆ ਘਰਿ ਆਏ ॥
ਨਾਨਕ ਕਾਮਣਿ[3] ਸਦਾ ਸੁਹਾਗਣਿ
ਨ ਪਿਰੁ ਮਰੈ ਨ ਜਾਏ ॥੪॥੨॥

---

੧. ਠੀਕ, ਪੂਰੀ ਤਰ੍ਹਾਂ। ੨. ਵਿਛੋੜੇ ਦੇ ਝੋਰੇ ਵਿਚ। ੩. ਇਸਤ੍ਰੀ।

### ਸਾਰਗ ਮਹਲਾ ੫

*ਕਿਉ ਜੀਵਨੁ ਪ੍ਰੀਤਮ ਬਿਨੁ ਮਾਈ[੧] ॥
ਜਾ ਕੇ ਬਿਛੁਰਤ ਹੋਤ ਮਿਰਤਕਾ[੨]
ਗ੍ਰਿਹ[੩] ਮਹਿ ਰਹਨੁ ਨ ਪਾਈ ॥੧॥ਰਹਾਉ॥
ਜੀਅ ਹੀਅ[੪] ਪ੍ਰਾਨ ਕੋ ਦਾਤਾ
ਜਾ ਕੈ ਸੰਗਿ ਸੁਹਾਈ[੫] ॥
ਕਰਹੁ ਕ੍ਰਿਪਾ ਸੰਤਹੁ ਮੋਹਿ ਅਪੁਨੀ
ਪ੍ਰਭ ਮੰਗਲ ਗੁਣ ਗਾਈ ॥੧॥
ਚਰਨ ਸੰਤਨ ਕੇ ਮਾਥੇ ਮੇਰੇ ਊਪਰਿ
ਨੈਨਹੁ ਧੂਰਿ[੬] ਬਾਂਛਾਈ[੭] ॥
ਜਿਹ ਪ੍ਰਸਾਦਿ[੮] ਮਿਲੀਐ ਪ੍ਰਭ ਨਾਨਕ
ਬਲਿ ਬਲਿ ਤਾ ਕੈ ਹਉ ਜਾਈ ॥੨॥੩॥

---

੧. ਮਾਂ-ਜਾਈ ਸਖੀ। ੨. ਮੁਰਦਾ। ੩. ਘਰ। ੪. ਹਿਰਦਾ। ੫. ਸੋਹਣੀ ਲਗਦੀ। ੬. ਚਰਨ-ਧੂੜੀ। ੭. ਮੰਗਦਾ ਹਾਂ। ੮. ਕਿਰਪਾ ਨਾਲ।



### ਦੇਵਗੰਧਾਰੀ (ਮਹਲਾ ੪)

*ਮੇਰੋ ਸੁੰਦਰੁ[੧] ਕਹਹੁ ਮਿਲੈ ਕਿਤੁ ਗਲੀ ॥
ਹਰਿ ਕੇ ਸੰਤ ਬਤਾਵਹੁ ਮਾਰਗੁ
ਹਮ ਪੀਛੈ ਲਾਗਿ ਚਲੀ ॥੧॥ਰਹਾਉ॥
[੨]ਪ੍ਰਿਅ ਕੇ ਬਚਨ ਸੁਖਾਨੇ ਹੀਅਰੈ
ਇਹ ਚਾਲ ਬਨੀ ਹੈ ਭਲੀ ॥
ਲਟੁਰੀ[੩] ਮਧੁਰੀ[੪] ਠਾਕੁਰ ਭਾਈ
ਓਹ ਸੁੰਦਰਿ ਹਰਿ ਢੁਲਿ[੫] ਮਿਲੀ ॥੧॥
ਏਕੋ ਪ੍ਰਿਉ[੧] ਸਖੀਆ[੬] ਸਭ ਪ੍ਰਿਅ[੧] ਕੀ
ਜੋ ਭਾਵੈ ਪਿਰ ਸਾ ਭਲੀ ॥
ਨਾਨਕੁ ਗਰੀਬੁ ਕਿਆ ਕਰੈ ਬਿਚਾਰਾ
ਹਰਿ ਭਾਵੈ ਤਿਤੁ ਰਾਹਿ ਚਲੀ ॥੨॥੨॥

---

੧ ਪਿਆਰਾ ਵਾਹਿਗੁਰੂ। ੨. ਪਿਆਰੇ ਦੇ ਬਚਨ ਹਿਰਦੇ ਨੂੰ ਚੰਗੇ ਲੱਗੇ ਹਨ। ੩. ਅਲਪ ਮੱਤ ਵਾਲੀ। ੪. ਛੋਟੇ ਕੱਦ ਵਾਲੀ। ੫. ਦ੍ਰਵ ਕੇ, ਪਸੀਜ ਕੇ। ੬. ਇਸਤ੍ਰੀਆਂ, ਜਗਿਆਸੂ।

ਰਾਗੁ ਸੂਹੀ ਅਸਟਪਦੀਆ ਮਹਲਾ ੪

**ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ, [੧]ਹਉ ਤਿਸੁ ਪਹਿ ਆਪੁ ਵੇਚਾਈ ॥੧॥ *ਦਰਸਨੁ ਹਰਿ ਦੇਖਣ ਕੈ ਤਾਈ ॥ ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ, ਹਰਿ ਹਰਿ ਨਾਮੁ ਧਿਆਈ ॥੧॥ਰਹਾਉ॥ ਜੇ ਸੁਖੁ ਦੇਹਿ ਤ ਤੁਝਹਿ ਅਰਾਧੀ[੨], ਦੁਖਿ ਭੀ ਤੁਝੈ ਧਿਆਈ ॥੨॥ ਜੇ ਭੁਖ ਦੇਹਿ ਤ ਇਤ ਹੀ ਰਾਜਾ[੩], ਦੁਖ ਵਿਚਿ ਸੂਖ ਮਨਾਈ ॥੩॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ[੪], ਵਿਚਿ ਅਗਨੀ ਆਪੁ ਜਲਾਈ[੫] ॥੪॥ ਪਖਾ ਫੇਰੀ ਪਾਣੀ ਢੋਵਾ, ਜੋ ਦੇਵਹਿ ਸੋ ਖਾਈ ॥੫॥ ਨਾਨਕੁ ਗਰੀਬੁ ਢਹਿ ਪਇਆ ਦੁਆਰੈ, ਹਰਿ ਮੇਲਿ ਲੈਹੁ, ਵਡਿਆਈ[੬] ॥੬॥**

---

੧. ਮੈਂ ਤਿਸ ਅਗੇ। ੨. ਚੇਤੇ ਕਰਾਂ। ੩. ਰੱਜਾਂ, ਭਾਵ, ਅਨੰਦ ਮਾਣਾਂ। ੪. ਭੇਟਾ ਕਰਾਂ। ੫. ਸਾੜ ਦੇਵਾਂ। ੬. ਇਹ ਤੇਰੀ ਵਡਿਆਈ ਹੈ।



ਸਾਰਗ ਮਹਲਾ ੫

***ਮੋਹਨ ਘਰਿ ਆਵਹੁ ਕਰਉ ਜੋਦਰੀਆ[੧] ॥**
**ਮਾਨੁ ਕਰਉ [੨]ਅਭਿਮਾਨੈ ਬੋਲਉ**
**[੩]ਭੂਲ ਚੂਕ ਤੇਰੀ ਪ੍ਰਿਅ ਚਿਰੀਆ ॥੧॥ਰਹਾਉ॥**
**ਨਿਕਟਿ[੪] ਸੁਨਉ ਅਰੁ ਪੇਖਉ[੫] ਨਾਹੀ**
**ਭਰਮਿ ਭਰਮਿ ਦੁਖ ਭਰੀਆ[੬] ॥**
**ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ[੭]**
**ਮਿਲਉ ਲਾਲ ਮਨੁ ਹਰੀਆ[੮] ॥੧॥**
**ਏਕ ਨਿਮਖ ਜੇ ਬਿਸਰੈ ਸੁਆਮੀ**
**ਜਾਨਉ ਕੋਟਿ[੯] ਦਿਨਸ ਲਖ ਬਰੀਆ[੧੦] ॥**
**ਸਾਧ ਸੰਗਤਿ ਕੀ ਭੀਰ[੧੧] ਜਉ ਪਾਈ**
**ਤਉ ਨਾਨਕ ਹਰਿ ਸੰਗਿ ਮਿਰੀਆ[੧੨] ॥੨॥੧॥**

---

੧. ਜੋਦੜੀ। ੨. ਹੰਕਾਰ ਨਾਲ ਬੋਲਦੀ ਹਾਂ। ੩. ਪਰ ਹੇ ਪਿਆਰੇ, ਮੈਂ ਭੁੱਲੀ ਚੁਕੀ ਤੇਰੀ ਹਾਂ। ੪. ਨੇੜੇ। ੫. ਵੇਖਦੀ। ੬. ਫਸੀ ਹੋਈ ਹਾਂ। ੭. ਪਰਦਾ, ਵਿੱਥ। ੮. ਹਰਾ ਭਰਾ। ੯. ਕ੍ਰੋੜਾਂ। ੧੦. ਵਰ੍ਹੇ। ੧੧. ਭਾਰੀ ਇਕੱਠ। ੧੨. ਮਿਲ ਗਈ।

### ਗੋਂਡ ਮਹਲਾ ੪

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ[੧]
ਜਿਉ ਤ੍ਰਿਖਾਵੰਤੁ[੨] ਬਿਨੁ ਨੀਰ[੩] ॥੧॥

*ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥

ਹਮਰੀ ਬੇਦਨ[੪] ਹਰਿ ਪ੍ਰਭੁ ਜਾਨੈ
ਮੇਰੇ ਮਨ ਅੰਤਰ[੫] ਕੀ ਪੀਰ ॥੧॥ਰਹਾਉ॥

ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ
ਸੋ ਭਾਈ ਸੋ ਮੇਰਾ ਬੀਰ[੬] ॥੨॥

ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ
ਲੇ ਸਤਿਗੁਰ ਕੀ [੭]ਮਤਿ ਧੀਰ ॥੩॥

ਜਨ ਨਾਨਕ ਕੀ ਹਰਿ ਆਸ ਪੁਜਾਵਹੁ[੮]
ਹਰਿ ਦਰਸਨਿ ਸਾਂਤਿ ਸਰੀਰ ॥੪॥੬॥

---

੧. ਤਪ ਰਿਹਾ ਹੈ। ੨. ਤਿਹਾਇਆ। ੩. ਪਾਣੀ। ੪. ਪੀੜਾ। ੫. ਅੰਦਰ। ੬. ਵੀਰ। ੭. ਧੀਰਜ ਵਾਲੀ ਮਤਿ। ੮. ਪੂਰੀ ਕਰੋ।



### ਰਾਗੁ ਗਉੜੀ ਪੂਰਬੀ ਮਹਲਾ ੫

*ਕਵਨ ਗੁਨ ਪ੍ਰਾਨਪਤਿ[੧]
ਮਿਲਉ ਮੇਰੀ ਮਾਈ ॥੧॥ਰਹਾਉ॥

[੨]ਰੂਪ ਹੀਨ ਬੁਧਿ ਬਲ ਹੀਨੀ
ਮੋਹਿ ਪਰਦੇਸਨਿ [੩]ਦੂਰ ਤੇ ਆਈ ॥੧॥

ਨਾਹਿਨ[੪] ਦਰਬੁ[੫] ਨ [੬]ਜੋਬਨ ਮਾਤੀ
ਮੋਹਿ ਅਨਾਥ ਕੀ [੭]ਕਰਹੁ ਸਮਾਈ ॥੨॥

ਖੋਜਤ ਖੋਜਤ ਭਈ ਬੈਰਾਗਨਿ
ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ[੮] ॥੩॥

ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ
ਸਾਧ ਸੰਗਿ ਮੇਰੀ ਜਲਨਿ[੯] ਬੁਝਾਈ ॥੪॥੧॥

---

੧. ਪ੍ਰਾਣਾਂ ਦਾ ਪਤੀ, ਵਾਹਿਗੁਰੂ। ੨. ਸੁੰਦਰਤਾ ਤੋਂ ਖ਼ਾਲੀ। ੩. ਅਨੇਕਾਂ ਜੂਨਾਂ ਵਿਚੋਂ ਘੁੰਮ ਘੁੰਮ ਕੇ। ੪. ਨਹੀਂ ਹੈ। ੫. ਧਨ। ੬. ਜਵਾਨੀ ਦੀ ਮਸਤੀ। ੭. ਠਿਕਾਣਾ ਬਖ਼ਸ਼ੋ। ੮. ਤਿਹਾਈ। ੯. ਸੜਨ।

ਗਉੜੀ ਮਹਲਾ ੫

*ਪ੍ਰਭ [੧]ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥
ਪਾਇ[੨] ਲਗਉ ਮੋਹਿ ਕਰਉ ਬੇਨਤੀ
ਕੋਊ ਸੰਤੁ ਮਿਲੈ ਬਡਭਾਗੀ ॥੧॥ਰਹਾਉ॥
ਮਨੁ ਅਰਪਉ[੩] ਧਨੁ ਰਾਖਉ ਆਗੈ
ਮਨ ਕੀ ਮਤਿ ਮੋਹਿ ਸਗਲ ਤਿਆਗੀ ॥
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ
ਅਨਦਿਨੁ[੪] ਫਿਰਉ ਤਿਸੁ ਪਿਛੈ ਵਿਰਾਗੀ ॥੧॥
[੫]ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ[੬] ਪੁਰਖੁ ਰਸਿਕ[੭] ਬੈਰਾਗੀ[੮] ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ
ਜਨਮ ਜਨਮ ਕੀ ਸੋਈ[੯] ਜਾਗੀ ॥੨॥੨॥

---

੧. ਮਿਲਣ ਲਈ। ੨. ਚਰਨੀਂ। ੩. ਭੇਂਟਾ ਦੇਵਾਂ। ੪. ਨਿਤ, ਹਰ ਰੋਜ਼। ੫. ਪਿਛੇ ਕੀਤੇ ਕਰਮਾਂ ਦਾ ਜਦ ਅੰਕੁਰ ਫੁਟਿਆ, ਭਾਵ, ਜਦੋਂ ਭਾਗ ਜਾਗੇ। ੬. ਮਿਲਿਆ। ੭. ਰਸੀਆ, ਵਾਹਿਗੁਰੂ। ੮. ਵੈਰਾਗਵਾਨ, ਰਸਾਂ ਕਸਾਂ ਤੋਂ ਅਚਾਹ, ਵਾਹਿਗੁਰੂ। ੯. ਅਗਿਆਨਤਾ ਵਿਚ ਸੁੱਤੀ ਹੋਈ।



ਬਿਲਾਵਲੁ ਮਹਲਾ ੫

*ਮੂ[੧] ਲਾਲਨ[੨] ਸਿਉ[੩] ਪ੍ਰੀਤਿ ਬਨੀ ॥ਰਹਾਉ॥
ਤੋਰੀ[੪] ਨ ਤੂਟੈ ਛੋਰੀ[੫] ਨ ਛੂਟੈ
[੬]ਐਸੀ ਮਾਧੋ ਖਿੰਚ ਤਨੀ ॥੧॥
[੭]ਦਿਨਸੁ ਰੈਨਿ ਮਨ ਮਾਹਿ ਬਸਤੁ ਹੈ
ਤੂ ਕਰਿ ਕਿਰਪਾ ਪ੍ਰਭ ਅਪਨੀ ॥੨॥
ਬਲਿ ਬਲਿ ਜਾਉ [੮]ਸਿਆਮ ਸੁੰਦਰ ਕਉ
ਅਕਥ[੯] ਕਥਾ ਜਾ ਕੀ ਬਾਤ ਸੁਨੀ ॥੩॥
ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ
ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ ॥੪॥੨੯॥

---

੧. ਮੇਰੀ। ੨. ਪਿਆਰੇ ਵਾਹਿਗੁਰੂ। ੩. ਨਾਲ। ੪. ਤੋੜਿਆਂ। ੫. ਛੱਡਿਆਂ। ੬ ਵਾਹਿਗੁਰੂ ਨੇ ਐਸੀ ਪੀਡੀ ਪ੍ਰੀਤ ਲਾਈ ਹੈ। ੭ ਦਿਨ ਰਾਤ। ੮. ਸੁੰਦਰ ਵਾਹਿਗੁਰੂ ਤੋਂ। ੯. ਨਾ ਕਹੀ ਜਾ ਸਕਣ ਵਾਲੀ।

ਪਉੜੀ (ਜੈਤਸਰੀ ਕੀ ਵਾਰ)

*ਜਿਉ ਮਛੁਲੀ ਬਿਨੁ ਪਾਣੀਐ
ਕਿਉ ਜੀਵਣੁ ਪਾਵੈ ॥
ਬੂੰਦ[1] ਵਿਹੂਣਾ[2] ਚਾਤ੍ਰਿਕੋ[3]
ਕਿਉਕਰਿ ਤ੍ਰਿਪਤਾਵੈ[4] ॥
ਨਾਦ[5] ਕੁਰੰਕਹਿ[6] ਬੇਧਿਆ[7]
ਸਨਮੁਖ[8] ਉਠਿ ਧਾਵੈ[9] ॥
ਭਵਰੁ ਲੋਭੀ [10]ਕੁਸਮ ਬਾਸੁ ਕਾ
[11]ਮਿਲਿ ਆਪੁ ਬੰਧਾਵੈ ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ
ਦੇਖਿ ਦਰਸੁ ਅਘਾਵੈ[12] ॥੧੨॥

---

੧. ਸਵਾਂਤੀ ਬੂੰਦ। ੨. ਖ਼ਾਲੀ, ਬਿਨਾਂ। ੩. ਪਪੀਹਾ। ੪. ਰੱਜੇ, ਸ਼ਾਂਤ ਹੋਵੇ। ੫. ਸ਼ਬਦ, ਰਾਗ। ੬. ਹਰਨ। ੭. ਵਿੰਨ੍ਹਿਆ ਹੋਇਆ। ੮. ਸਾਹਮਣੇ। ੯. ਨਸਦਾ ਹੈ। ੧੦. ਫੁੱਲ ਦੀ ਸੁਗੰਧੀ ਦਾ। ੧੧. ਸੁਗੰਧੀ ਲੈਂਦਿਆਂ (ਰਾਤ ਨੂੰ) ਵਿਚ ਆਪ ਬੰਦ ਹੋ ਜਾਂਦਾ ਹੈ। ੧੨. (ਹਿਰਦਾ) ਰਜਦਾ ਹੈ।



ਪਉੜੀ (ਜੈਤਸਰੀ ਕੀ ਵਾਰ)

ਮੇਲਿ ਲੈਹੁ ਦਇਆਲ
ਢਹਿ ਪਏ ਦੁਆਰਿਆ[1] ॥
ਰਖਿ ਲੇਵਹੁ ਦੀਨ ਦਇਆਲ
ਭ੍ਰਮਤ[2] ਬਹੁ ਹਾਰਿਆ ॥
[3]ਭਗਤਿ ਵਛਲੁ ਤੇਰਾ ਬਿਰਦੁ[4]
ਹਰਿ [5]ਪਤਿਤ ਉਧਾਰਿਆ ॥
*ਤੁਝ ਬਿਨੁ ਨਾਹੀ ਕੋਇ
[6]ਬਿਨਉ ਮੋਹਿ ਸਾਰਿਆ ॥
ਕਰੁ[7] ਗਹਿ[8] ਲੇਹੁ ਦਇਆਲ
[9]ਸਾਗਰ ਸੰਸਾਰਿਆ ॥੧੬॥

---

੧. ਤੇਰੇ ਦਰ ਉੱਤੇ। ੨. ਜੂਨਾਂ ਵਿਚ ਭਟਕਦਿਆਂ। ੩. ਭਗਤੀ ਦਾ ਪਿਆਰਾ। ੪. ਸੁਭਾਅ। ੫. ਪਾਪੀਆਂ ਨੂੰ ਤਾਰਦਾ ਹੈ। ੬. ਮੈਂ ਬੇਨਤੀ ਕਰਦਾ ਹਾਂ। ੭. ਹੱਥ। ੮. ਪਕੜ। ੯. ਸੰਸਾਰ-ਸਮੁੰਦਰ ਤੋਂ।

## ਆਸਾ ਕਬੀਰ ਜੀਉ

ਕਰਵਤੁ[1] ਭਲਾ, ਨ ਕਰਵਟ[2] ਤੇਰੀ ॥
ਲਾਗੁ ਗਲੇ ਸੁਨੁ ਬਿਨਤੀ ਮੇਰੀ ॥੧॥

*[3]ਹਉ ਵਾਰੀ ਮੁਖੁ ਫੇਰਿ ਪਿਆਰੇ[4] ॥
ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥੧॥ਰਹਾਉ॥

ਜਉ ਤਨੁ ਚੀਰਹਿ ਅੰਗੁ[5] ਨ ਮੋਰਉ ॥
[6]ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥੨॥

ਹਮ ਤੁਮ ਬੀਚੁ[7] ਭਇਓ ਨਹੀ ਕੋਈ ॥
ਤੁਮਹਿ ਸੁ ਕੰਤ ਨਾਰਿ ਹਮ ਸੋਈ ॥੩॥

ਕਹਤੁ ਕਬੀਰੁ ਸੁਨਹੁ [8]ਰੇ ਲੋਈ ॥
ਅਬ ਤੁਮਰੀ ਪਰਤੀਤਿ ਨ ਹੋਈ ॥੪॥੨॥

---

੧. ਆਰਾ। ੨. ਪਿੱਠ। ੩. ਮੈਂ ਸਦਕੇ। ੪. ਵਾਹਿਗੁਰੂ। ੫. ਸਰੀਰ। ੬. ਜੇ ਸਰੀਰ ਨਾਸ ਵੀ ਹੋ ਜਾਏ। ੭. ਵਿੱਥ। ੮. ਹੇ ਲੋਕਾਈ, ਹੇ ਜਗਤ-ਮੋਹ।



## ਰਾਗੁ ਸੂਹੀ ਅਸਟਪਦੀਆ ਮਹਲਾ ੪

ਝਖੜੁ ਝਾਗੀ[1] ਮੀਹੁ ਵਰਸੈ
*ਭੀ ਗੁਰੁ ਦੇਖਣ ਜਾਈ ॥੧੩॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ
ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥
[2]ਜਿਉ ਧਰਤੀ ਸੋਭ ਕਰੇ ਜਲੁ ਬਰਸੈ
ਤਿਉ ਸਿਖੁ ਗੁਰ ਮਿਲਿ ਬਿਗਸਾਈ[3] ॥੧੬॥
[4]ਸੇਵਕ ਕਾ ਹੋਇ ਸੇਵਕੁ ਵਰਤਾ
ਕਰਿ ਕਰਿ ਬਿਨਉ[5] ਬੁਲਾਈ ॥੧੭॥
ਨਾਨਕ ਕੀ ਬੇਨੰਤੀ ਹਰਿ ਪਹਿ
ਗੁਰ ਮਿਲਿ [6]ਗੁਰ ਸੁਖੁ ਪਾਈ ॥੧੮॥

---

੧. ਹਨੇਰੀ। ੨. ਜਿਵੇਂ ਧਰਤੀ ਮੀਂਹ ਵਸਣ ਨਾਲ ਸੋਹਣੀ ਲਗਦੀ ਹੈ। ੩. ਖਿੜਦਾ ਹੈ। ੪. ਮੈਂ ਤੇਰੇ ਸੇਵਕਾਂ ਦਾ ਸੇਵਕ ਹੋ ਕੇ ਵਰਤਾਂ, ਭਾਵ ਸੇਵਾ ਕਰਾਂ। ੫. ਬੇਨਤੀ। ੬. ਸ਼੍ਰੋਮਣੀ ਸੁਖ।

ਟੋਡੀ ਮਹਲਾ ੫

*ਸਤਿਗੁਰ ਆਇਓ ਸਰਣਿ ਤੁਹਾਰੀ ॥

ਮਿਲੈ ਸੂਖੁ ਨਾਮੁ ਹਰਿ ਸੋਭਾ
ਚਿੰਤਾ ਲਾਹਿ ਹਮਾਰੀ ॥੧॥ਰਹਾਉ॥

ਅਵਰ ਨ ਸੂਝੈ ਦੂਜੀ ਠਾਹਰ[1]
[2]ਹਾਰਿ ਪਰਿਓ ਤਉ ਦੁਆਰੀ ॥

ਲੇਖਾ ਛੋਡਿ, [3]ਅਲੇਖੈ ਛੂਟਹ
ਹਮ ਨਿਰਗੁਨ [4]ਲੇਹੁ ਉਬਾਰੀ ॥੧॥

ਸਦ ਬਖਸਿੰਦੁ ਸਦਾ ਮਿਹਰਵਾਨਾ
ਸਭਨਾ ਦੇਇ ਅਧਾਰੀ[5] ॥

ਨਾਨਕ ਦਾਸ ਸੰਤ ਪਾਛੈ ਪਰਿਓ
ਰਾਖਿ ਲੇਹੁ [6]ਇਹ ਬਾਰੀ ॥੨॥੪॥

---

੧. ਥਾਂ। ੨. ਹਾਰ ਕੇ ਆਣ ਪਿਆ ਹਾਂ। ੩. ਜੇ ਲੇਖਾ ਨਾ ਕੀਤਾ ਜਾਏ ਤਾਂ ਹੀ ਛੁਟ ਸਕਦੇ ਹਾਂ। ੪. ਬਚਾ ਲਓ। ੫. ਆਸਰਾ। ੬. ਇਸੇ ਜਨਮ ਦੀ ਵਾਰੀ ਵਿਚ।



ਸਲੋਕ ਮਹਲਾ ੫

ਜੈਸਾ ਸਤਿਗੁਰੁ ਸੁਣੀਦਾ, ਤੈਸੋ ਹੀ ਮੈ ਡੀਠੁ ॥
*ਵਿਛੁੜਿਆ ਮੇਲੇ ਪ੍ਰਭੂ,ਹਰਿ ਦਰਗਹ ਕਾ ਬਸੀਠੁ[1] ॥
ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ[2], ਕਟੇ ਹਉਮੈ ਰੋਗੁ ॥
ਨਾਨਕ ਸਤਿਗੁਰੁ ਤਿਨਾ ਮਿਲਾਇਆ
ਜਿਨਾ ਧੁਰੇ ਪਇਆ ਸੰਜੋਗੁ ॥੧॥

ਪਉੜੀ (ਵਾਰ ਮਾਝ)

*ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ॥
ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ॥
ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ ॥
ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ ॥
ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ ॥
ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ[3] ॥
ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ ॥
ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥੨੫॥

---

੧. ਵਿਚੋਲਾ। ੨. ਨਿਸਚੇ ਕਰਾਂਦਾ ਹੈ। ੩. ਸਰੀਰ।

ਵਾਰਾਂ ਭਾਈ ਗੁਰਦਾਸ ਜੀ

*ਸਤਿਗੁਰੁ ਗੁਣੀ ਨਿਧਾਨੁ[1] ਹੈ
ਗੁਣ ਕਰਿ ਬਖਸੈ ਅਵਗੁਣਿਆਰੇ ॥
ਸਤਿਗੁਰੁ ਪੂਰਾ ਵੈਦੁ ਹੈ
[2]ਪੰਜੇ ਰੋਗ ਅਸਾਧ ਨਿਵਾਰੇ ॥
[3]ਸੁਖ ਸਾਗਰੁ ਗੁਰੁਦੇਉ ਹੈ
ਸੁਖ ਦੇ ਮੇਲਿ ਲਏ ਦੁਖਿਆਰੇ ॥
ਗੁਰੁ ਪੂਰਾ ਨਿਰਵੈਰੁ ਹੈ
ਨਿੰਦਕ ਦੋਖੀ ਬੇਮੁਖ ਤਾਰੇ ॥
ਗੁਰੁ ਪੂਰਾ ਨਿਰਭਉ[4] ਸਦਾ
ਜਨਮ ਮਰਣ ਜਮ ਡਰੈ ਉਤਾਰੇ ॥
ਸਤਿਗੁਰੁ ਪੁਰਖੁ ਸੁਜਾਣੁ ਹੈ
ਵਡੇ ਅਜਾਣ ਮੁਗਧ[5] ਨਿਸਤਾਰੇ[6] ॥
ਸਤਿਗੁਰੁ ਆਗੂ ਜਾਣੀਐ
ਬਾਹ ਪਕੜਿ ਅੰਧਲੇ ਉਧਾਰੇ ॥
ਮਾਣੁ ਨਿਮਾਣੇ ਸਦ ਬਲਿਹਾਰੇ ॥੧੯॥(੨੬)

੧. ਗੁਣਾਂ ਦਾ ਖ਼ਜ਼ਾਨਾ। ੨. ਕਾਮ ਕ੍ਰੋਧ ਆਦਿ ਪੰਜ ਨਾ ਸਾਧੇ ਜਾਣ ਵਾਲੇ ਰੋਗਾਂ ਨੂੰ ਕਟ ਦਿੱਤਾ। ੩. ਸੁਖਾਂ ਦਾ ਸਮੁੰਦਰ। ੪. ਨਿ-ਡਰ। ੫. ਮੂਰਖ। ੬. ਤਾਰੇ।



ਭੈਰਉ ਮਹਲਾ ੫

ਸਤਿਗੁਰੁ ਮੇਰਾ ਬੇਮੁਹਤਾਜੁ[1] ॥ ਸਤਿਗੁਰ ਮੇਰੇ ਸਚਾ ਸਾਜੁ ॥ ਸਤਿਗੁਰੁ ਮੇਰਾ ਸਭਸ ਕਾ ਦਾਤਾ ॥ ਸਤਿਗੁਰੁ ਮੇਰਾ ਪੁਰਖੁ ਬਿਧਾਤਾ[2] ॥੧॥ *ਗੁਰ ਜੈਸਾ ਨਾਹੀ ਕੋ ਦੇਵ ॥ ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥੧॥ਰਹਾਉ॥ ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ[3] ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥ ਸਤਿਗੁਰ ਮੇਰੇ ਕੀ ਵਡਿਆਈ ॥ ਪ੍ਰਗਟੁ ਭਈ ਹੈ ਸਭਨੀ ਥਾਈ ॥੨॥ ਸਤਿਗੁਰੁ ਮੇਰਾ [4]ਤਾਣੁ ਨਿਤਾਣੁ ॥ ਸਤਿਗੁਰੁ ਮੇਰਾ ਘਰਿ ਦੀਬਾਣੁ[5] ॥ ਸਤਿਗੁਰ ਕੈ ਹਉ ਸਦ ਬਲਿ ਜਾਇਆ ॥ ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥੩॥ ਜਿਨਿ ਗੁਰੁ ਸੇਵਿਆ ਤਿਸੁ ਭਉ[6] ਨ ਬਿਆਪੈ ॥ ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ[7] ॥ ਨਾਨਕ ਸੋਧੇ[8] ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥

੧. ਕਿਸੇ ਦਾ ਮੁਥਾਜ ਨਹੀਂ। ੨. ਰਚਨਹਾਰ। ੩. ਪਾਲਦਾ ਹੈ। ੪. ਨਿਤਾਣੇ ਦਾ ਤਾਣ ਹੈ। ੫. ਪੁਕਾਰ ਸੁਣੀਂ ਜਾਣ ਵਾਲੀ ਕਚਹਿਰੀ। ੬. ਡਰ। ੭. ਤੰਗ ਕਰਦਾ। ੮. ਵਿਚਾਰੇ।

ਗੋਂਡ ਮਹਲਾ ੫

*ਗੁਰੁ ਗੁਰੁ ਗੁਰੁ ਕਰਿ ਮਨ ਮੋਰ[1] ॥ ਗੁਰੂ ਬਿਨਾ ਮੈ ਨਾਹੀ ਹੋਰ ॥ ਗੁਰ ਕੀ ਟੇਕ ਰਹਹੁ ਦਿਨੁ ਰਾਤਿ ॥ ਜਾ ਕੀ ਕੋਇ ਨ ਮੇਟੈ ਦਾਤਿ[2] ॥੧॥ ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥੧॥ਰਹਾਉ॥ ਗੁਰ ਚਰਣੀ ਜਾ ਕਾ ਮਨੁ ਲਾਗੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥ ਗੁਰ ਕੀ ਸੇਵਾ ਪਾਏ ਮਾਨੁ ॥ ਗੁਰ ਊਪਰਿ ਸਦਾ ਕੁਰਬਾਨੁ ॥੨॥ ਗੁਰ ਕਾ ਦਰਸਨੁ ਦੇਖਿ ਨਿਹਾਲ ॥ ਗੁਰ ਕੇ ਸੇਵਕ ਕੀ [3]ਪੂਰਨ ਘਾਲ ॥ ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ[4] ॥ ਗੁਰ ਕਾ ਸੇਵਕੁ [5]ਦਹਦਿਸਿ ਜਾਪੈ ॥੩॥ ਗੁਰ ਕੀ ਮਹਿਮਾ [6]ਕਥਨੁ ਨ ਜਾਇ ॥ ਪਾਰਬ੍ਰਹਮੁ ਗੁਰੂ ਰਹਿਆ ਸਮਾਇ ॥ ਕਹੁ ਨਾਨਕ ਜਾ ਕੇ ਪੂਰੇ ਭਾਗ ॥ ਗੁਰ ਚਰਣੀ ਤਾ ਕਾ ਮਨੁ ਲਾਗ ॥੪॥੬॥੮॥

---

੧. ਮੇਰੇ। ੨. ਬਖ਼ਸ਼ਸ਼। ੩. ਕਮਾਈ ਸਫਲੀ। ੪. ਪੋਂਹਦਾ। ੫. ਸਭ ਪਾਸੇ ਪ੍ਰਗਟ ਹੁੰਦਾ ਹੈ। ੬. ਬਿਆਨ ਨਹੀਂ ਹੋ ਸਕਦੀ।



ਸਾਰਗ ਮਹਲਾ ੫

*ਓਅੰ[1] ਪ੍ਰਿਅ[2] ਪ੍ਰੀਤਿ ਚੀਤਿ ਪਹਿਲਰੀਆ[3] ॥
ਜੋ ਤਉ ਬਚਨੁ[4] ਦੀਓ ਮੇਰੇ ਸਤਿਗੁਰ
ਤਉ ਮੈ ਸਾਜ ਸੀਗਰੀਆ ॥੧॥ਰਹਾਉ॥
ਹਮ ਭੂਲਹ ਤੁਮ ਸਦਾ ਅਭੂਲਾ
ਹਮ ਪਤਿਤ[5] ਤੁਮ [6]ਪਤਿਤ ਉਧਰੀਆ ॥
ਹਮ ਨੀਚ ਬਿਰਖ ਤੁਮ ਮੈਲਾਗਰ[7]
[8]ਲਾਜ ਸੰਗਿ ਸੰਗਿ ਬਸਰੀਆ ॥੧॥
ਤੁਮ ਗੰਭੀਰ ਧੀਰ[9] ਉਪਕਾਰੀ
ਹਮ ਕਿਆ ਬਪੁਰੇ[10] ਜੰਤਰੀਆ[11] ॥
ਗੁਰ ਕ੍ਰਿਪਾਲ ਨਾਨਕ ਹਰਿ ਮੇਲਿਓ
ਤਉ ਮੇਰੀ ਸੂਖਿ ਸੇਜਰੀਆ[12] ॥੨॥੨੨॥

---

੧. ਵਾਹਿਗੁਰੂ। ੨. ਪਿਆਰਾ। ੩. ਪਹਿਲੋਂ ਦੀ। ੪. ਮੰਤਰ। ੫. ਪਾਪੀ। ੬. ਪਾਪੀਆਂ ਨੂੰ ਤਾਰਨ ਵਾਲੇ। ੭. ਚੰਦਨ ਦਾ ਬ੍ਰਿਛ। ੮. ਤੂੰ ਆਪਣੇ ਸੰਗ ਵਸਣ ਵਾਲਿਆਂ ਦੀ ਇੱਜ਼ਤ ਰਖਣ ਵਾਲਾ ਹੈਂ। ੯. ਧੀਰਜ-ਵਾਨ। ੧੦. ਵਿਚਾਰੇ। ੧੧. ਜੀਵ। ੧੨. ਹਿਰਦੇ ਰੂਪ ਸੇਜਾ।

ਸੂਹੀ ਮਹਲਾ ੫

*ਅਬਿਚਲ[1] ਨਗਰੁ ਗੋਬਿੰਦ ਗੁਰੂ ਕਾ
ਨਾਮੁ ਜਪਤ ਸੁਖੁ ਪਾਇਆ ਰਾਮ ॥
ਮਨ ਇਛੇ ਸੇਈ ਫਲ ਪਾਏ
ਕਰਤੈ ਆਪਿ ਵਸਾਇਆ ਰਾਮ ॥
ਕਰਤੈ ਆਪਿ ਵਸਾਇਆ, ਸਰਬ ਸੁਖ ਪਾਇਆ
ਪੁਤ ਭਾਈ ਸਿਖ ਬਿਗਾਸੇ[2] ॥
ਗੁਣ ਗਾਵਹਿ ਪੂਰਨ ਪਰਮੇਸੁਰ
ਕਾਰਜੁ ਆਇਆ ਰਾਸੇ ॥
ਪ੍ਰਭੁ ਆਪਿ ਸੁਆਮੀ, ਆਪੇ ਰਖਾ[3]
ਆਪਿ ਪਿਤਾ, ਆਪਿ ਮਾਇਆ[4] ॥
ਕਹੁ ਨਾਨਕ ਸਤਿਗੁਰ ਬਲਿਹਾਰੀ
ਜਿਨਿ ਏਹੁ ਥਾਨੁ ਸੁਹਾਇਆ ॥੧॥

---

੧. ਸਦਾ ਕਾਇਮ ਰਹਿਣ ਵਾਲਾ, ਅਟੱਲ। ੨. ਖ਼ੁਸ਼ ਹੋਏ। ੩. ਰਾਖਾ। ੪. ਮਾਤਾ।



ਸੂਹੀ ਮਹਲਾ ੫

*ਸੰਤਾ ਕੇ ਕਾਰਜਿ ਆਪਿ[1] ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ[2] ਸੁਹਾਵਾ
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ
ਸਗਲ ਮਨੋਰਥ ਪੂਰੇ ॥
ਜੈ ਜੈਕਾਰੁ ਭਇਆ ਜਗ ਅੰਤਰਿ
ਲਾਥੇ ਸਗਲ ਵਿਸੂਰੇ[3] ॥
ਪੂਰਨ ਪੁਰਖ ਅਚੁਤ[4] ਅਬਿਨਾਸੀ
ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ
ਨਾਨਕ ਨਾਮੁ ਧਿਆਇਆ ॥੧॥

---

੧. ਆਪ ਵਾਹਿਗੁਰੂ। ੨. ਅੰਮ੍ਰਿਤ ਸਰੋਵਰ। ੩. ਝੋਰੇ। ੪. ਅਟੱਲ।

ਸੋਰਠਿ ਮਹਲਾ ੫ ਘਰੁ ੩ ਦੁਪਦੇ

*ਰਾਮਦਾਸ ਸਰੋਵਰਿ ਨਾਤੇ ॥
ਸਭਿ ਉਤਰੇ ਪਾਪ ਕਮਾਤੇ[੧] ॥

ਨਿਰਮਲ ਹੋਏ ਕਰਿ ਇਸਨਾਨਾ ॥
ਗੁਰਿ ਪੂਰੈ ਕੀਨੇ ਦਾਨਾ ॥੧॥

[੨]ਸਭਿ ਕੁਸਲ ਖੇਮ ਪ੍ਰਭਿ ਧਾਰੇ ॥
ਸਹੀ ਸਲਾਮਤਿ ਸਭਿ ਥੋਕ ਉਬਾਰੇ[੩]
ਗੁਰ ਕਾ ਸਬਦੁ[੪] ਵੀਚਾਰੇ ॥ਰਹਾਉ॥

ਸਾਧ ਸੰਗਿ ਮਲੁ[੫] ਲਾਥੀ ॥
ਪਾਰਬ੍ਰਹਮੁ ਭਇਓ ਸਾਥੀ ॥

ਨਾਨਕ ਨਾਮੁ ਧਿਆਇਆ ॥
ਆਦਿ ਪੁਰਖ ਪ੍ਰਭੁ ਪਾਇਆ ॥੨॥੧॥੬੫॥

---

੧. ਪਿਛਲੇ ਕੀਤੇ ਹੋਏ। ੨. ਵਾਹਿਗੁਰੂ ਨੇ ਸਾਰੇ ਸੁਖ-ਸਾਂਦ ਵਰਤਾਅ ਦਿੱਤੀ। ੩. ਬਚਾਅ ਲਏ। ੪. ਗੁਰ-ਮੰਤਰ। ੫. ਮੈਲ।



ਸੋਰਠਿ ਮਹਲਾ ੫

ਕਰਿ ਇਸਨਾਨੁ, ਸਿਮਰਿ ਪ੍ਰਭੁ ਅਪਨਾ, ਮਨ ਤਨ ਭਏ ਅਰੋਗਾ ॥ ਕੋਟਿ[੧] ਬਿਘਨ ਲਾਥੇ ਪ੍ਰਭ ਸਰਣਾ, ਪ੍ਰਗਟੇ ਭਲੇ ਸੰਜੋਗਾ ॥੧॥ ਪ੍ਰਭ ਬਾਣੀ ਸਬਦੁ ਸੁਭਾਖਿਆ[੨] ॥ ਗਾਵਹੁ ਸੁਣਹੁ ਪੜਹੁ ਨਿਤ ਭਾਈ, ਗੁਰ ਪੂਰੈ ਤੂ ਰਾਖਿਆ ॥ਰਹਾਉ॥ ਸਾਚਾ ਸਾਹਿਬੁ ਅਮਿਤਿ[੩] ਵਡਾਈ, ਭਗਤਿ ਵਛਲ ਦਇਆਲਾ ॥ ਸੰਤਾ ਕੀ ਪੈਜ ਰਖਦਾ ਆਇਆ, [੪]ਆਦਿ ਬਿਰਦੁ ਪ੍ਰਤਿਪਾਲਾ[੫] ॥੨॥ ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ[੬] ਸਰਬ ਵੇਲਾ ਮੁਖਿ ਪਾਵਹੁ ॥ ਜਰਾ[੭] ਮਰਾ[੮] ਤਾਪੁ ਸਭੁ ਨਾਠਾ, ਗੁਣ ਗੋਬਿੰਦ ਨਿਤ ਗਾਵਹੁ ॥੩॥ ਸੁਣੀ ਅਰਦਾਸਿ ਸੁਆਮੀ ਮੇਰੈ, ਸਰਬ ਕਲਾ ਬਣਿ ਆਈ ॥ ਪ੍ਰਗਟ ਭਈ ਸਗਲੇ ਜੁਗ ਅੰਤਰਿ, *ਗੁਰ ਨਾਨਕ ਕੀ ਵਡਿਆਈ ॥੪॥੧੧॥

---

੧. ਕ੍ਰੋੜਾਂ। ੨. ਸ਼ੁਭ ਬਾਣੀ। ੩. ਬੇਅੰਤ। ੪. ਮੁਢ ਤੋਂ ਉਸ ਦਾ ਸੁਭਾਅ ਹੈ। ੫. ਪਾਲਣਾ ਕਰਦਾ। ੬. ਖਾਓ। ੭. ਬੁਢੇਪਾ। ੮. ਮੌਤ।

ਸੂਹੀ ਮਹਲਾ ੫

ਪਾਰਬ੍ਰਹਮ ਪਰਮੇਸਰ ਸਤਿਗੁਰ, ਆਪੇ ਕਰਣੈਹਾਰਾ ॥ ਚਰਣ ਧੂੜਿ ਤੇਰੀ ਸੇਵਕੁ ਮਾਗੈ, ਤੇਰੇ ਦਰਸਨ ਕਉ ਬਲਿਹਾਰਾ ॥੧॥ *ਮੇਰੇ ਰਾਮਰਾਇ, ਜਿਉ ਰਾਖਹਿ ਤਿਉ ਰਹੀਐ ॥ ਤੁਧੁ ਭਾਵੈ ਤਾ ਨਾਮੁ ਜਪਾਵਹਿ, ਸੁਖੁ ਤੇਰਾ ਦਿਤਾ ਲਹੀਐ ॥੧॥ਰਹਾਉ॥ ਮੁਕਤਿ ਭੁਗਤਿ[੧] ਜੁਗਤਿ[੨] ਤੇਰੀ ਸੇਵਾ, ਜਿਸੁ ਤੂੰ ਆਪਿ ਕਰਾਇਹਿ ॥ ਤਹਾ ਬੈਕੁੰਠੁ ਜਹ ਕੀਰਤਨੁ ਤੇਰਾ, ਤੂੰ ਆਪੇ ਸਰਧਾ ਲਾਇਹਿ ॥੨॥ ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ, ਤਨੁ ਮਨੁ ਹੋਇ ਨਿਹਾਲਾ ॥ ਚਰਣ ਕਮਲ ਤੇਰੇ ਧੋਇ ਧੋਇ ਪੀਵਾ, ਮੇਰੇ ਸਤਿਗੁਰ ਦੀਨ ਦਇਆਲਾ ॥੩॥ ਕੁਰਬਾਣੁ ਜਾਈ ਉਸੁ ਵੇਲਾ[੩] ਸੁਹਾਵੀ[੪], ਜਿਤੁ ਤੁਮਰੈ ਦੁਆਰੈ ਆਇਆ ॥ ਨਾਨਕ ਕਉ ਪ੍ਰਭ ਭਏ ਕ੍ਰਿਪਾਲਾ, ਸਤਿਗੁਰੁ ਪੂਰਾ ਪਾਇਆ ॥੪॥੯॥

---

੧. ਭੋਗ। ੨. ਜੋਗ। ੩. ਘੜੀ। ੪. ਸੋਹਣੀ।



ਮਲਾਰ ਮਹਲਾ ੫

*ਮਾਈ ਮੋਹਿ ਪ੍ਰੀਤਮੁ[੧] ਦੇਹੁ ਮਿਲਾਈ ॥

ਸਗਲ ਸਹੇਲੀ[੨] ਸੁਖ ਭਰਿ ਸੂਤੀ
ਜਿਹ ਘਰਿ ਲਾਲੁ[੧] ਬਸਾਈ[੩] ॥੧॥ਰਹਾਉ॥

ਮੋਹਿ ਅਵਗਨ ਪ੍ਰਭੁ ਸਦਾ ਦਇਆਲਾ
ਮੋਹਿ ਨਿਰਗੁਨਿ ਕਿਆ ਚਤੁਰਾਈ ॥

ਕਰਉ ਬਰਾਬਰਿ [੪]ਜੋ ਪ੍ਰਿਅ ਸੰਗਿ ਰਾਤੀ
ਇਹ ਹਉਮੈ[੫] ਕੀ ਢੀਠਾਈ[੬] ॥੧॥

ਭਈ ਨਿਮਾਣੀ ਸਰਨਿ ਇਕ ਤਾਕੀ[੭]
ਗੁਰ ਸਤਿਗੁਰ ਪੁਰਖ ਸੁਖਦਾਈ ॥

ਏਕ ਨਿਮਖ ਮਹਿ ਮੇਰਾ ਸਭੁ ਦੁਖੁ ਕਾਟਿਆ
ਨਾਨਕ ਸੁਖਿ ਰੈਨਿ[੮] ਬਿਹਾਈ[੯] ॥੨॥੨॥

---

੧. ਪਿਆਰਾ, ਵਾਹਿਗੁਰੂ। ੨. ਸਖੀਆਂ, ਸਤਸੰਗੀ। ੩. ਵਸਦਾ ਹੈ। ੪. ਜੋ ਪਿਆਰੇ ਵਾਹਿਗੁਰੂ ਨਾਲ ਰਤੀਆਂ ਹੋਈਆਂ ਹਨ। ੫. ਹੰਗਤਾ। ੬. ਢੀਠ-ਪੁਣਾ। ੭. ਤੱਕੀ। ੮. ਰਾਤ। ੯. ਬੀਤ ਗਈ।

ਵਡਹੰਸੁ ਮਹਲਾ ੫

*ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥
ਹਉ ਬਲਿਹਾਰੀ ਸਤਿਗੁਰ ਚਰਣਾ ॥੧॥

[1]ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ ॥
ਮਨੁ ਜੀਵੈ ਪ੍ਰਭ ਨਾਮੁ ਚਿਤੇਰੇ[2] ॥੧॥ਰਹਾਉ॥

ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥
ਸੀਤਲ ਪੁਰਖ ਦ੍ਰਿਸਟਿ[3] ਸੁਜਾਣੀ ॥੨॥

ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥
[4]ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ[5] ॥੩॥

ਤੁਮ ਮਿਹਰਵਾਨ ਦਾਸ ਹਮ ਦੀਨਾ ॥
ਨਾਨਕ ਸਾਹਿਬੁ[5] [6]ਭਰਪੁਰਿ ਲੀਣਾ ॥੪॥੨॥

---

੧. ਜੀਅ-ਦਾਨ ਦੇਣ ਵਾਲੇ ਦਾਤੇ। ੨. ਚੇਤੇ ਕਰ ਕੇ। ੩. ਮਿਹਰ ਭਰੀ ਨਜ਼ਰ। ੪. ਜੰਮਦਾ ਮਰਦਾ ਨਹੀਂ। ੫. ਅਟੱਲ ਵਾਹਿਗੁਰੂ। ੬. ਸਭ ਥਾਈਂ ਵਸ ਰਿਹਾ ਹੈ।



ਰਾਗੁ ਸੂਹੀ ਮਹਲਾ ੧

*ਆਵਹੁ ਸਜਣਾ[1] ਹਉ ਦੇਖਾ ਦਰਸਨੁ ਤੇਰਾ ਰਾਮ ॥
ਘਰਿ ਆਪਨੜੈ ਖੜੀ ਤਕਾ
ਮੈ ਮਨਿ ਚਾਉ ਘਨੇਰਾ[2] ਰਾਮ ॥
ਮਨਿ ਚਾਉ ਘਨੇਰਾ[2] ਸੁਣਿ ਪ੍ਰਭ ਮੇਰਾ
ਮੈ ਤੇਰਾ ਭਰਵਾਸਾ ॥
ਦਰਸਨੁ ਦੇਖਿ ਭਈ ਨਿਹਕੇਵਲ[3]
ਜਨਮ ਮਰਣ ਦੁਖੁ ਨਾਸਾ ॥
[4]ਸਗਲੀ ਜੋਤਿ ਜਾਤਾ ਤੂ ਸੋਈ
ਮਿਲਿਆ [5]ਭਾਇ ਸੁਭਾਏ ॥
ਨਾਨਕ ਸਾਜਨ ਕਉ ਬਲਿ ਜਾਈਐ
ਸਾਚਿ ਮਿਲੇ ਘਰਿ ਆਏ ॥੧॥

---

੧. ਵਾਹਿਗੁਰੂ। ੨. ਬਹੁਤਾ। ੩. ਨਿਰਲੇਪ, ਅਦੁੱਤੀ। ੪. ਸਭ ਵਿਚ ਤੇਰੀ ਜੋਤਿ ਹੈ ਅਤੇ ਉਸ ਵਿਆਪਕ ਜੋਤਿ ਤੋਂ ਤੂੰ ਜਾਣਿਆ ਜਾਂਦਾ ਹੈਂ। ੫. ਸਹਿਜ ਸੁਭਾਇ।

ਰਾਗੁ ਸੂਹੀ ਮਹਲਾ ੧

*ਹਮ ਘਰਿ ਸਾਜਨ ਆਏ ॥
ਸਾਚੈ[1] ਮੇਲਿ ਮਿਲਾਏ ॥

ਸਹਜਿ ਮਿਲਾਏ ਹਰਿ ਮਨਿ ਭਾਏ
[2]ਪੰਚ ਮਿਲੇ ਸੁਖੁ ਪਾਇਆ ॥

ਸਾਈ ਵਸਤੁ ਪਰਾਪਤਿ ਹੋਈ
ਜਿਸੁ ਸੇਤੀ ਮਨੁ ਲਾਇਆ ॥

ਅਨਦਿਨੁ[3] ਮੇਲੁ ਭਇਆ ਮਨੁ ਮਾਨਿਆ
ਘਰ ਮੰਦਰ ਸੋਹਾਏ ॥

[4]ਪੰਚ ਸਬਦ ਧੁਨਿ ਅਨਹਦ ਵਾਜੇ
ਹਮ ਘਰਿ ਸਾਜਨ ਆਏ ॥੧॥

---

੧. ਸੱਚੇ ਵਾਹਿਗੁਰੂ ਨੇ। ੨. ਗੁਰਮੁਖ ਜਨਾਂ ਦੇ ਮਿਲਣ ਨਾਲ। ੩. ਨਿਤ, ਹਰ ਰੋਜ਼। ੪. ਪੰਜ ਤਰ੍ਹਾਂ ਦੇ ਸ਼ਬਦਾਂ ਦੀ ਧੁਨੀ ਮੇਰੇ ਅੰਦਰ ਅਨਹਦ ਵਾਜਿਆਂ ਰਾਹੀਂ ਪ੍ਰਗਟ ਹੋਈ।



ਸੂਹੀ ਮਹਲਾ ੫

[1]ਭਾਗਠੜੇ ਹਰਿ ਸੰਤ ਤੁਮ੍ਹਾਰੇ, ਜਿਨ੍ ਘਰਿ ਧਨੁ ਹਰਿ ਨਾਮਾ ॥ ਪਰਵਾਣੁ ਗਣੀ ਸੇਈ ਇਹ ਆਏ, ਸਫਲ ਤਿਨਾ ਕੇ ਕਾਮਾ ॥੧॥ *ਮੇਰੇ ਰਾਮ ਹਰਿ ਜਨ ਕੈ ਹਉ[2] ਬਲਿ ਜਾਈ ॥ ਕੇਸਾ ਕਾ ਕਰਿ ਚਵਰੁ ਢੁਲਾਵਾ[3], ਚਰਣ ਧੂੜਿ ਮੁਖਿ ਲਾਈ ॥੧॥ਰਹਾਉ॥ ਜਨਮ ਮਰਣ ਦੁਹਹੂ ਮਹਿ ਨਾਹੀ, ਜਨ ਪਰਉਪਕਾਰੀ ਆਏ ॥ [4]ਜੀਅ ਦਾਨੁ ਦੇ ਭਗਤੀ ਲਾਇਨਿ, ਹਰਿ ਸਿਉ ਲੈਨਿ ਮਿਲਾਏ ॥੨॥ ਸਚਾ ਅਮਰੁ[5] ਸਚੀ ਪਾਤਿਸਾਹੀ, ਸਚੇ ਸੇਤੀ ਰਾਤੇ ॥ ਸਚਾ ਸੁਖੁ ਸਚੀ ਵਡਿਆਈ, [6]ਜਿਸ ਕੇ ਸੇ ਤਿਨਿ ਜਾਤੇ ॥੩॥ ਪਖਾ ਫੇਰੀ ਪਾਣੀ ਢੋਵਾ, ਹਰਿ ਜਨ ਕੈ ਪੀਸਣੁ [7]ਪੀਸਿ ਕਮਾਵਾ ॥ ਨਾਨਕ ਕੀ ਪ੍ਰਭ ਪਾਸਿ ਬੇਨੰਤੀ, ਤੇਰੇ ਜਨ[8] ਦੇਖਣੁ ਪਾਵਾ ॥੪॥੭॥

---

੧. ਹੇ ਹਰੀ, ਤੁਹਾਡੇ ਸੰਤ ਭਾਗਾਂ ਵਾਲੇ ਹਨ। ੨. ਮੈਂ। ੩. ਝੁਲਾਵਾਂ। ੪. ਆਤਮ-ਦਾਨ। ੫. ਹੁਕਮ। ੬. ਜਿਸ ਵਾਹਿਗੁਰੂ ਦੇ ਸਨ, ਉਸੇ ਹਰੀ ਨੇ ਉਨ੍ਹਾਂ ਨੂੰ ਜਾਣਿਆ ਹੈ। ੭. ਚੱਕੀ ਪੀਹ ਕੇ ਸੇਵਾ ਕਰਾਂ। ੮. ਸਤਿਗੁਰੂ ਜੀ।

ਪਉੜੀ (ਵਾਰ ਗੂਜਰੀ ਮਹਲਾ ੫)

*ਆਵੈ ਸਾਹਿਬੁ ਚਿਤਿ[੧]
ਤੇਰਿਆ ਭਗਤਾ ਡਿਠਿਆ ॥
ਮਨ ਕੀ ਕਟੀਐ ਮੈਲੁ ਸਾਧ ਸੰਗਿ ਵੁਠਿਆ[੨] ॥
ਜਨਮ ਮਰਣ ਭਉ[੩] ਕਟੀਐ
ਜਨ ਕਾ ਸਬਦੁ[੪] ਜਪਿ ॥
ਬੰਧਨ ਖੋਲਨਿ੍ ਸੰਤ, ਦੂਤ[੫] ਸਭਿ ਜਾਹਿ ਛਪਿ ॥
ਤਿਸੁ[੬] ਸਿਉ ਲਾਇਨਿ੍ ਰੰਗੁ,
ਜਿਸ ਦੀ [੭]ਸਭ ਧਾਰੀਆ ॥
ਊਚੀ ਹੂੰ ਊਚਾ ਥਾਨੁ ਅਗਮ[੮] ਅਪਾਰੀਆ[੮] ॥
[੯]ਰੈਣਿ ਦਿਨਸੁ ਕਰ ਜੋੜਿ
ਸਾਸਿ ਸਾਸਿ ਧਿਆਈਐ ॥
ਜਾ ਆਪੇ ਹੋਇ ਦਇਆਲੁ
ਤਾਂ ਭਗਤ ਸੰਗੁ ਪਾਈਐ ॥੯॥

---

੧. ਮਨ ਵਿਚ। ੨. ਵਸਣ ਨਾਲ। ੩. ਡਰ। ੪. ਗੁਰ-ਮੰਤਰ। ੫. ਕਾਮ ਆਦਿਕ। ੬. ਵਾਹਿਗੁਰੂ। ੭. ਸਾਰੀ ਸ੍ਰਿਸ਼ਟੀ ਬਣਾਈ ਹੋਈ ਹੈ। ੮. ਬੇਅੰਤ। ੯. ਰਾਤ ਦਿਨ।



ਆਸਾ ਮਹਲਾ ੫

ਸਾਧੂ[੧] ਸੰਗਿ ਸਿਖਾਇਓ ਨਾਮੁ ॥
ਸਰਬ[੨] ਮਨੋਰਥ[੩] ਪੂਰਨ ਕਾਮ ॥
ਬੁਝਿ ਗਈ ਤ੍ਰਿਸਨਾ, ਹਰਿ ਜਸਹਿ ਅਘਾਨੇ[੪] ॥
ਜਪਿ ਜਪਿ ਜੀਵਾ ਸਾਰਿਗਪਾਨੇ[੫] ॥੧॥
ਕਰਨ ਕਰਾਵਨ ਸਰਨਿ ਪਰਿਆ ॥
ਗੁਰ ਪਰਸਾਦਿ [੬]ਸਹਜ ਘਰੁ ਪਾਇਆ
*ਮਿਟਿਆ ਅੰਧੇਰਾ ਚੰਦੁ ਚੜਿਆ ॥੧॥ਰਹਾਉ॥
ਲਾਲ ਜਵੇਹਰ ਭਰੇ ਭੰਡਾਰ ॥
ਤੋਟਿ ਨ ਆਵੈ ਜਪਿ ਨਿਰੰਕਾਰ ॥
ਅੰਮ੍ਰਿਤ ਸਬਦੁ[੭] ਪੀਵੈ ਜਨੁ ਕੋਇ ॥
ਨਾਨਕ ਤਾ ਕੀ ਪਰਮ ਗਤਿ ਹੋਇ ॥੨॥੪੧॥

---

੧. ਸਤਿਗੁਰੂ। ੨. ਸਾਰੇ। ੩. ਮਨ ਦੀਆਂ ਮੰਗਾਂ। ੪. ਰਜ ਗਏ। ੫. ਵਾਹਿਗੁਰੂ ਨੂੰ। ੬. ਉੱਚੀ ਅਵਸਥਾ। ੭. ਗੁਰ-ਮੰਤਰ।

### ਪਉੜੀ (ਵਾਰ ਗਉੜੀ)

*ਅੰਮ੍ਰਿਤੁ ਨਾਮੁ ਨਿਧਾਨੁ[1] ਹੈ, ਮਿਲਿ ਪੀਵਹੁ ਭਾਈ ॥
ਜਿਸੁ ਸਿਮਰਤ ਸੁਖੁ ਪਾਈਐ, ਸਭ ਤਿਖਾ[2] ਬੁਝਾਈ ॥
ਕਰਿ ਸੇਵਾ ਪਾਰਬ੍ਰਹਮ ਗੁਰ, ਭੁਖ ਰਹੈ ਨ ਕਾਈ ॥
ਸਗਲ ਮਨੋਰਥ ਪੁੰਨਿਆ[3], [4]ਅਮਰਾ ਪਦੁ ਪਾਈ ॥
ਤੁਧੁ ਜੇਵਡੁ ਤੂਹੈ ਪਾਰਬ੍ਰਹਮ, ਨਾਨਕ ਸਰਣਾਈ ॥੩॥

### ਆਸਾ ਘਰੁ ੭ ਮਹਲਾ ੫

ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥
ਸੰਗੀ ਸਾਥੀ ਸਗਲ ਤਰਾਂਈ ॥੧॥
*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ[5] ॥੧॥ਰਹਾਉ॥
ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥

---

੧. ਖ਼ਜ਼ਾਨਾ। ੨. ਤ੍ਰੇਹ। ੩. ਪੂਰੇ ਹੁੰਦੇ ਹਨ। ੪. ਮੁਕਤ ਪਦਵੀ। ੫. ਚੇਤੇ ਕਰਦੇ ਹਾਂ।



### ਧਨਾਸਰੀ ਮਹਲਾ ੪

[1]ਇਛਾ ਪੂਰਕੁ ਸਰਬ ਸੁਖਦਾਤਾ ਹਰਿ, ਜਾ ਕੈ ਵਸਿ ਹੈ ਕਾਮਧੇਨਾ[2] ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ, ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥ *ਜਪਿ ਮਨ ਸਤਿਨਾਮੁ ਸਦਾ ਸਤਿਨਾਮੁ ॥ [3]ਹਲਤਿ ਪਲਤਿ ਮੁਖ ਊਜਲ ਹੋਈ ਹੈ, ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ[4] ॥ਰਹਾਉ॥ ਜਹ ਹਰਿ ਸਿਮਰਨੁ ਭਇਆ, [5]ਤਹ ਉਪਾਧਿ ਗਤੁ ਕੀਨੀ, ਵਡਭਾਗੀ ਹਰਿ ਜਪਨਾ ॥ ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ, ਜਪਿ ਹਰਿ ਭਵਜਲੁ[6] ਤਰਨਾ ॥੨॥੬॥

---

੧. ਮਨੋ-ਕਾਮਨਾ ਪੂਰੀਆਂ ਕਰਨ ਵਾਲਾ ਵਾਹਿਗੁਰੂ। ੨. ਸੁਰਗੀ ਗਊ, ਜੋ ਇਛਾ-ਪੂਰਕ ਹੈ। ੩. ਲੋਕ-ਪਰਲੋਕ। ੪. ਵਾਹਿਗੁਰੂ। ੫. ਉਥੋਂ ਬਿਪਤਾ ਨਸ ਜਾਂਦੀ ਹੈ। ੬. ਸੰਸਾਰ-ਸਮੁੰਦਰ।

ਮਾਰੂ ਮਹਲਾ ੯

*ਹਰਿ ਕੋ ਨਾਮੁ ਸਦਾ ਸੁਖਦਾਈ ॥
ਜਾ ਕਉ ਸਿਮਰਿ ਅਜਾਮਲੁ ਉਧਰਿਓ[1]
ਗਨਿਕਾ[2] ਹੂ ਗਤਿ[3] ਪਾਈ ॥੧॥ਰਹਾਉ॥
[4]ਪੰਚਾਲੀ ਕਉ ਰਾਜ ਸਭਾ ਮਹਿ
ਰਾਮ ਨਾਮ ਸੁਧਿ ਆਈ ॥
ਤਾ ਕੋ ਦੂਖੁ ਹਰਿਓ[5] ਕਰੁਣਾਮੈ[6]
ਅਪਨੀ ਪੈਜ ਬਢਾਈ ॥੧॥
ਜਿਹ ਨਰ ਜਸੁ ਕਿਰਪਾਨਿਧਿ[6] ਗਾਇਓ
ਤਾ ਕੋ ਭਇਓ ਸਹਾਈ ॥
ਕਹੁ ਨਾਨਕ ਮੈ ਇਹੀ ਭਰੋਸੈ
ਗਹੀ[7] ਆਨਿ ਸਰਨਾਈ ॥੨॥੧॥

---

੧. ਪਾਰ ਉਤਰਿਆ। ੨. ਵੇਸਵਾ। ੩. ਮੁਕਤੀ। ੪. ਦਰੋਪਤੀ। ੫. ਦੂਰ ਕੀਤਾ। ੬. ਕਿਰਪਾਲੂ ਵਾਹਿਗੁਰੂ। ੭. ਪਕੜੀ।



ਗੂਜਰੀ ਮਹਲਾ ੫

[1]ਪਤਿਤ ਪਵਿਤ੍ਰ ਲੀਏ ਕਰਿ ਅਪੁਨੇ
ਸਗਲ ਕਰਤ ਨਮਸਕਾਰੋ ॥
[2]ਬਰਨੁ ਜਾਤਿ ਕੋਊ ਪੂਛੈ ਨਾਹੀ
ਬਾਛਹਿ[3] ਚਰਨ ਰਵਾਰੋ[4] ॥੧॥
*ਠਾਕੁਰ ਐਸੋ ਨਾਮੁ ਤੁਮ੍ਹਾਰੋ ॥
ਸਗਲ ਸ੍ਰਿਸਟਿ ਕੋ ਧਣੀ[5] ਕਹੀਜੈ
ਜਨ ਕੋ [6]ਅੰਗੁ ਨਿਰਾਰੋ ॥੧॥ਰਹਾਉ॥
ਸਾਧਸੰਗਿ ਨਾਨਕ ਬੁਧਿ ਪਾਈ
ਹਰਿ ਕੀਰਤਨੁ ਆਧਾਰੋ ॥
ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ
ਮੁਕਤਿ ਭਇਓ ਚੰਮਿਆਰੋ[7] ॥੨॥੧॥

---

੧. ਪਾਪੀਆਂ ਨੂੰ ਅਪਣਾਅ ਕੇ ਪਵਿੱਤਰ ਕਰ ਲਿਆ। ੨. ਜਾਤਿ ਗੋਤ। ੩. ਮੰਗਦੇ ਹਨ। ੪. ਧੂੜੀ। ੫. ਮਾਲਕ। ੬. ਨਿਰਾਲਾ ਅੰਗ ਪਾਲਿਆ ਹੈ। ੭. ਰਵਿਦਾਸ ਚਮਾਰ।

ਬਿਲਾਵਲੁ ਮਹਲਾ ੫

*ਜੀਵਉ ਨਾਮੁ ਸੁਨੀ ॥

ਜਉ ਸੁਪ੍ਰਸੰਨ ਭਏ ਗੁਰ ਪੂਰੇ
ਤਬ ਮੇਰੀ ਆਸ ਪੁਨੀ[੧] ॥੧॥ਰਹਾਉ॥

ਪੀਰ[੨] ਗਈ ਬਾਧੀ ਮਨਿ ਧੀਰਾ[੩]
[੪]ਮੋਹਿਓ ਅਨਦ ਧੁਨੀ ॥

ਉਪਜਿਓ ਚਾਉ ਮਿਲਨ ਪ੍ਰਭ ਪ੍ਰੀਤਮ
ਰਹਨੁ ਨ ਜਾਇ ਖਿਨੀ[੫] ॥੧॥

ਅਨਿਕ ਭਗਤ ਅਨਿਕ ਜਨ ਤਾਰੇ
ਸਿਮਰਹਿ ਅਨਿਕ ਮੁਨੀ ॥

ਅੰਧੁਲੇ ਟਿਕ[੬], ਨਿਰਧਨ ਧਨੁ ਪਾਇਓ
ਪ੍ਰਭ ਨਾਨਕ [੭]ਅਨਿਕ ਗੁਨੀ ॥੨॥੨॥

---

੧. ਪੂਰੀ ਹੋਈ। ੨. ਪੀੜ। ੩. ਧੀਰਜ। ੪. ਨਾਮ ਦੀ ਇਕ-ਰਸ ਧੁਨੀ ਵਿਚ ਮੋਹਿਆ ਗਿਆ। ੫. ਇਕ ਛਿਨ। ੬. ਟੇਕ, ਸਹਾਰਾ। ੭. ਅਨੇਕ ਗੁਣਾਂ ਵਾਲਾ।



ਬਿਲਾਵਲੁ ਮਹਲਾ ੫

*ਸਦਾ ਸਦਾ ਜਪੀਐ ਪ੍ਰਭ ਨਾਮ ॥

ਜਰਾ[੧] ਮਰਾ[੨] ਕਛੁ ਦੂਖੁ ਨ ਬਿਆਪੈ[੩]
ਆਗੈ ਦਰਗਹ ਪੂਰਨ ਕਾਮ ॥੧॥ਰਹਾਉ॥

ਆਪੁ[੪] ਤਿਆਗਿ ਪਰੀਐ ਨਿਤ ਸਰਨੀ
ਗੁਰ ਤੇ ਪਾਈਐ ਏਹੁ ਨਿਧਾਨੁ[੫] ॥

ਜਨਮ ਮਰਣ ਕੀ ਕਟੀਐ ਫਾਸੀ
ਸਾਚੀ ਦਰਗਹ ਕਾ ਨੀਸਾਨੁ[੬] ॥੧॥

ਜੋ ਤੁਮ੍ ਕਰਹੁ ਸੋਈ ਭਲ ਮਾਨਉ
ਮਨ ਤੇ ਛੂਟੈ ਸਗਲ ਗੁਮਾਨੁ[੭] ॥

ਕਹੁ ਨਾਨਕ ਤਾ ਕੀ ਸਰਣਾਈ
ਜਾ ਕਾ ਕੀਆ ਸਗਲ ਜਹਾਨੁ ॥੨॥੧੩॥

---

੧. ਬੁਢੇਪਾ। ੨. ਮੌਤ। ੩. ਪੋਂਹਦਾ, ਲਗਦਾ। ੪. ਆਪਾ-ਭਾਵ। ੫. ਅਮੋਲਕ ਖ਼ਜ਼ਾਨਾ, ਨਾਮ। ੬. ਪਰਵਾਨਾ। ੭. ਹੰਕਾਰ।

ਗਉੜੀ ਕਬੀਰ ਜੀਉ

ਰਾਮ ਜਪਉ ਜੀਅ ਐਸੇ ਐਸੇ ॥
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥

*ਦੀਨ ਦਇਆਲ ਭਰੋਸੇ ਤੇਰੇ ॥
ਸਭੁ ਪਰਵਾਰੁ ਚੜਾਇਆ ਬੇੜੇ ॥੧॥ਰਹਾਉ॥

ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥
ਇਸ ਬੇੜੇ ਕਉ ਪਾਰਿ ਲਘਾਵੈ ॥੨॥

[੧]ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥
[੨]ਚੂਕਿ ਗਈ ਫਿਰਿ ਆਵਨ ਜਾਨੀ ॥੩॥

ਕਹੁ ਕਬੀਰ ਭਜੁ ਸਾਰਿਗਪਾਨੀ[੩] ॥
[੪]ਉਰਵਾਰਿ ਪਾਰਿ ਸਭ ਏਕੋ ਦਾਨੀ[੫] ॥੪॥੨॥

---

੧. ਗੁਰੂ ਦੀ ਕਿਰਪਾ ਨਾਲ। ੨. ਮੁਕ ਗਈ। ੩. ਵਾਹਿਗੁਰੂ!
੪. ਇੱਥੇ ਤੇ ਉੱਥੇ, ਲੋਕ-ਪਰਲੋਕ ਵਿਚ। ੫. ਦਾਤਾ, ਵਾਹਿਗੁਰੂ।



ਮਲਾਰ ਮਹਲਾ ੫

*ਮਨ ਮੇਰੇ ਹਰਿ ਕੇ ਚਰਨ ਰਵੀਜੈ[੧] ॥
ਦਰਸ ਪਿਆਸ ਮੇਰੋ ਮਨੁ ਮੋਹਿਓ
ਹਰਿ ਪੰਖ[੨] ਲਗਾਇ ਮਿਲੀਜੈ ॥੧॥ਰਹਾਉ॥

ਖੋਜਤ ਖੋਜਤ ਮਾਰਗੁ[੩] ਪਾਇਓ
ਸਾਧੂ[੪] ਸੇਵ ਕਰੀਜੈ ॥

ਧਾਰਿ ਅਨੁਗ੍ਰਹੁ[੫] ਸੁਆਮੀ ਮੇਰੇ
ਨਾਮੁ ਮਹਾ ਰਸੁ ਪੀਜੈ ॥੧॥

ਤ੍ਰਾਹਿ ਤ੍ਰਾਹਿ ਕਰਿ ਸਰਨੀ ਆਏ
ਜਲਤਉ[੬] ਕਿਰਪਾ ਕੀਜੈ ॥

ਕਰੁ[੭] [੮]ਗਹਿ ਲੇਹੁ ਦਾਸ ਅਪੁਨੇ ਕਉ
ਨਾਨਕ ਅਪੁਨੋ ਕੀਜੈ ॥੨॥੧੩॥

---

੧. ਸਿਮਰੀਏ। ੨. ਖੰਭ ਲਾ ਕੇ। ੩. ਰਾਹ। ੪. ਸਤਿਗੁਰੂ ਦੀ।
੫. ਕਿਰਪਾ। ੬. ਸੜ ਰਹੇ ਨੂੰ। ੭. ਹੱਥ। ੮. ਪਕੜ ਲਓ।

ਆਸਾ ਮਹਲਾ ੫

[੧]ਰਾਜ ਲੀਲਾ ਤੇਰੈ ਨਾਮਿ ਬਨਾਈ ॥
ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥

*ਸਰਬ ਸੁਖਾ ਬਨੇ ਤੇਰੈ ਓਲ੍ਹੈ[੨] ॥
ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥੧॥ਰਹਾਉ ॥

ਹੁਕਮੁ ਬੂਝਿ ਰੰਗ ਰਸ ਮਾਣੇ ॥
ਸਤਿਗੁਰ ਸੇਵਾ ਮਹਾ ਨਿਰਬਾਣੇ[੩] ॥੨॥

ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥
ਨਾਮਿ ਰਤਾ ਸੋਈ ਨਿਰਬਾਣੁ[੪] ॥੩॥

ਜਾ ਕਉ ਮਿਲਿਓ ਨਾਮੁ ਨਿਧਾਨਾ[੫] ॥
ਭਨਤਿ[੬] ਨਾਨਕ ਤਾ ਕਾ ਪੂਰ[੭] ਖਜਾਨਾ ॥੪॥੬॥

---

੧. ਰਾਜਸੀ ਠਾਠ। ੨. ਆਸਰੇ ਨਾਲ। ੩. ਵਾਸ਼ਨਾ ਰਹਿਤ ਬਿਵਸਥਾ। ੪. ਨਿਰਲੇਪ। ੫. ਖ਼ਜ਼ਾਨਾ। ੬. ਕਹਿੰਦਾ ਹੈ। ੭. ਭਰਪੂਰ।



ਪਉੜੀ (ਵਾਰ ਗਉੜੀ)

ਮਨੁ ਰਤਾ ਗੋਵਿੰਦ ਸੰਗਿ ਸਚੁ[੧] ਭੋਜਨੁ ਜੋੜੇ ॥
ਪ੍ਰੀਤਿ ਲਗੀ ਹਰਿ ਨਾਮ ਸਿਉ ਏ ਹਸਤੀ[੨] ਘੋੜੇ ॥
ਰਾਜ ਮਿਲਖ ਖੁਸੀਆ ਘਣੀ[੩] ਧਿਆਇ ਮੁਖੁ ਨ ਮੋੜੇ ॥
*ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ ॥
ਨਾਨਕ ਮਨਿ ਤਨਿ ਚਾਉ ਏਹੁ
ਨਿਤ ਪ੍ਰਭ ਕਉ ਲੋੜੇ ॥੨੧॥

ਪਉੜੀ (ਵਾਰ ਸੋਰਠਿ)

ਰੈਣਿ[੪] ਦਿਨਸੁ ਪਰਭਾਤਿ ਤੂਹੈ ਹੀ ਗਾਵਣਾ ॥
ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ ॥
*ਤੂ ਦਾਤਾ ਦਾਤਾਰੁ, ਤੇਰਾ ਦਿਤਾ ਖਾਵਣਾ ॥
ਭਗਤ ਜਨਾ ਕੈ ਸੰਗਿ ਪਾਪ ਗਵਾਵਣਾ ॥
ਜਨ ਨਾਨਕ ਸਦ ਬਲਿਹਾਰੈ
ਬਲਿ ਬਲਿ ਜਾਵਣਾ ॥੨੫॥

---

੧. ਵਾਹਿਗੁਰੂ ਦਾ ਨਾਮ। ੨. ਹਾਥੀ। ੩. ਬਹੁਤੀਆਂ। ੪. ਰਾਤ।

ਗੂਜਰੀ ਮਹਲਾ ੫

ਦਿਨੁ ਰਾਤੀ ਆਰਾਧਹੁ ਪਿਆਰੋ[1]
ਨਿਮਖ ਨ ਕੀਜੈ ਢੀਲਾ ॥
ਸੰਤ ਸੇਵਾ ਕਰਿ ਭਾਵਨੀ[2] ਲਾਈਐ
ਤਿਆਗਿ ਮਾਨੁ ਹਾਠੀਲਾ[3] ॥੧॥
*ਮੋਹਨੁ[1] [4]ਪ੍ਰਾਨ ਮਾਨ ਰਾਗੀਲਾ[5] ॥
[6]ਬਸਿ ਰਹਿਓ ਹੀਅਰੇ[7] ਕੈ ਸੰਗੇ
ਪੇਖਿ[8] ਮੋਹਿਓ ਮਨੁ ਲੀਲਾ ॥੧॥ਰਹਾਉ॥
ਜਿਸੁ ਸਿਮਰਤ ਮਨਿ ਹੋਤ ਅਨੰਦਾ
ਉਤਰੈ ਮਨਹੁ ਜੰਗੀਲਾ[9] ॥
ਮਿਲਬੇ[10] ਕੀ ਮਹਿਮਾ ਬਰਨਿ ਨ ਸਾਕਉ
ਨਾਨਕ [11]ਪਰੈ ਪਰੀਲਾ ॥੨॥੪॥੧੩॥

---

੧. ਪਿਆਰਾ ਵਾਹਿਗੁਰੂ। ੨. ਸ਼ਰਧਾ। ੩. ਹਠ। ੪. ਪ੍ਰਾਣਾਂ ਦਾ ਮਾਣ, ਆਸਰਾ। ੫. ਰੰਗੀਲਾ, ਚੋਜੀ। ੬. ਵਸ ਰਿਹਾ। ੭. ਹਿਰਦੇ। ੮. ਵੇਖ ਕੇ। ੯. ਜੰਗਾਲ, ਪਾਪਾਂ ਦੀ ਮੈਲ। ੧੦. ਪ੍ਰਭੂ-ਮਿਲਣ ਦੀ। ੧੧. ਪਰੇ ਤੋਂ ਪਰੇ।



ਸਾਰਗ ਮਹਲਾ ੫

*ਧਨਵੰਤ ਨਾਮ ਕੇ ਵਣਜਾਰੇ[1] ॥
ਸਾਂਝੀ[2] ਕਰਹੁ ਨਾਮ ਧਨੁ ਖਾਟਹੁ
ਗੁਰ ਕਾ ਸਬਦੁ ਵੀਚਾਰੇ ॥੧॥ਰਹਾਉ॥
ਛੋਡਹੁ ਕਪਟੁ ਹੋਇ ਨਿਰਵੈਰਾ
ਸੋ ਪ੍ਰਭੁ ਸੰਗਿ ਨਿਹਾਰੇ[3] ॥
ਸਚੁ ਧਨੁ ਵਣਜਹੁ[4] ਸਚੁ ਧਨੁ ਸੰਚਹੁ[5]
ਕਬਹੂ ਨ ਆਵਹੁ ਹਾਰੇ ॥੧॥
ਖਾਤ ਖਰਚਤ ਕਿਛੁ ਨਿਖੁਟਤ ਨਾਹੀ
ਅਗਨਤ ਭਰੇ ਭੰਡਾਰੇ ॥
ਕਹੁ ਨਾਨਕ ਸੋਭਾ ਸੰਗਿ ਜਾਵਹੁ
ਪਾਰਬ੍ਰਹਮ ਕੈ ਦੁਆਰੇ ॥੨॥੫੭॥

---

੧. ਵਪਾਰੀ। ੨. ਭਾਈਵਾਲੀ। ੩. ਵੇਖਦਾ ਹੈ। ੪. ਵਪਾਰ ਕਰੋ। ੫. ਇਕੱਠਾ ਕਰੋ।

### ਆਸਾ ਮਹਲਾ ੫ ਤਿਪਦੇ ੨

ਹਰਿ ਰਸੁ ਪੀਵਤ ਸਦ ਹੀ ਰਾਤਾ[੧] ॥
ਆਨ[੨] ਰਸਾ ਖਿਨ ਮਹਿ ਲਹਿ ਜਾਤਾ ॥
ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥
ਆਨ ਰਸਾ ਮਹਿ ਵਿਆਪੈ ਚਿੰਦ[੩] ॥੧॥
*ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥
ਆਨ ਰਸਾ ਸਭਿ ਹੋਛੇ ਰੇ ॥੧॥ਰਹਾਉ॥
ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥
ਹਰਿ ਰਸੁ [੪]ਸਾਧੂ ਹਾਟਿ ਸਮਾਇ ॥
[੫]ਲਾਖ ਕਰੋਰੀ ਮਿਲੈ ਨ ਕੇਹ[੬] ॥
ਜਿਸਹਿ ਪਰਾਪਤਿ[੭] ਤਿਸ ਹੀ ਦੇਹਿ ॥੨॥
ਨਾਨਕ ਚਾਖਿ ਭਏ ਬਿਸਮਾਦੁ[੮] ॥
ਨਾਨਕ ਗੁਰ ਤੇ ਆਇਆ ਸਾਦੁ ॥
ਈਤ ਊਤ ਕਤ ਛੋਡਿ ਨ ਜਾਇ ॥
ਨਾਨਕ ਗੀਧਾ[੯] ਹਰਿ ਰਸ ਮਾਹਿ ॥੩॥੨੭॥

---

੧. ਮਸਤ। ੨. ਹੋਰ। ੩. ਚਿੰਤਾ। ੪. ਸਤਿਗੁਰੂ ਦੀ ਹੱਟੀ, ਭਾਵ ਸਤਸੰਗਤਿ। ੫. ਲੱਖਾਂ ਕ੍ਰੋੜਾਂ ਤੋਂ। ੬. ਕਿਸੇ ਨੂੰ। ੭. ਭਾਗਾਂ ਵਿਚ ਪ੍ਰਾਪਤੀ। ੮. ਅਸਚਰਜ। ੯. ਗਿਝ ਗਿਆ।



### ਬਿਲਾਵਲੁ ਮਹਲਾ ੫

ਬਿਖੈ[੧] ਬਨੁ[੨] ਫੀਕਾ ਤਿਆਗਿ ਰੀ ਸਖੀਏ
*[੩]ਨਾਮੁ ਮਹਾ ਰਸੁ ਪੀਓ ॥
ਬਿਨੁ ਰਸ ਚਾਖੇ ਬੁਡਿ[੪] ਗਈ ਸਗਲੀ[੫]
ਸੁਖੀ ਨ ਹੋਵਤ ਜੀਓ ॥
ਮਾਨੁ ਮਹਤੁ[੬] ਨ ਸਕਤਿ[੭] ਹੀ ਕਾਈ[੮]
ਸਾਧਾ ਦਾਸੀ ਥੀਓ ॥
ਨਾਨਕ ਸੇ ਦਰਿ ਸੋਭਾਵੰਤੇ
ਜੋ ਪ੍ਰਭਿ ਅਪੁਨੈ ਕੀਓ ॥੧॥

---

੧. ਵਿਸ਼ੇ। ੨. ਜਲ, ਰਸ, ਵਿਸ਼ਿਆਂ ਦੇ ਫਿਕੇ ਰਸ ਨੂੰ। ੩. ਮਹਾਨ (ਵੱਡਾ) ਨਾਮ ਰਸ। ੪. ਡੁੱਬ। ੫. ਸਾਰੀ ਸ੍ਰਿਸ਼ਟੀ। ੬. ਵਡਿਆਈ। ੭. ਤਾਕਤ। ੮. ਕੋਈ ਵੀ।

ਟੋਡੀ ਮਹਲਾ ੫

*ਹਰਿ ਬਿਸਰਤ ਸਦਾ ਖੁਆਰੀ ॥

ਤਾ ਕਉ ਧੋਖਾ ਕਹਾ ਬਿਆਪੈ[੧]
ਜਾ ਕਉ ਓਟ[੨] ਤੁਹਾਰੀ ॥ਰਹਾਉ॥

ਬਿਨੁ ਸਿਮਰਨ ਜੋ ਜੀਵਨੁ ਬਲਨਾ[੩]
ਸਰਪ ਜੈਸੇ ਅਰਜਾਰੀ[੪] ॥

[੫]ਨਵ ਖੰਡਨ ਕੋ ਰਾਜੁ ਕਮਾਵੈ
ਅੰਤਿ ਚਲੈਗੋ ਹਾਰੀ ॥੧॥

[੬]ਗੁਣ ਨਿਧਾਨ ਗੁਣ ਤਿਨ ਹੀ ਗਾਏ
ਜਾ ਕਉ ਕਿਰਪਾ ਧਾਰੀ ॥

ਸੋ ਸੁਖੀਆ ਧੰਨੁ ਉਸੁ ਜਨਮਾ
ਨਾਨਕ ਤਿਸੁ ਬਲਿਹਾਰੀ ॥੨॥੨॥

---

੧. ਲਗ ਸਕਦਾ ਹੈ। ੨. ਆਸਰਾ। ੩. ਸੜਨਾ ਹੈ। ੪. ਉਮਰ। ੫. ਨੌਂ ਖੰਡਾਂ ਦਾ, ਭਾਵ, ਸਾਰੀ ਸ੍ਰਿਸ਼ਟੀ ਦਾ। ੬. ਗੁਣਾਂ ਦੇ ਖ਼ਜ਼ਾਨੇ, ਵਾਹਿਗੁਰੂ ਦੇ ਗੁਣ।



ਆਸਾ ਸੇਖ ਫਰੀਦ ਜੀਉ

ਦਿਲਹੁ ਮੁਹਬਤਿ ਜਿੰਨ੍[੧] ਸੇਈ ਸਚਿਆ ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ[੨] ਕਚਿਆ ॥੧॥
*[੩]ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ੍ ਨਾਮੁ,
ਤੇ ਭੁਇ[੪] ਭਾਰੁ ਥੀਏ ॥੧॥ਰਹਾਉ॥
ਆਪਿ ਲੀਏ ਲੜਿ ਲਾਇ, ਦਰਿ[੫] ਦਰਵੇਸ[੬] ਸੇ ॥
ਤਿਨ ਧੰਨੁ ਜਣੇਦੀ ਮਾਉ, ਆਏ ਸਫਲੁ ਸੇ ॥੨॥
ਪਰਵਦਗਾਰ[੭] ਅਪਾਰ ਅਗਮ[੮] ਬੇਅੰਤ ਤੂ ॥
ਜਿਨਾ ਪਛਾਤਾ ਸਚੁ, ਚੁੰਮਾ ਪੈਰ ਮੂੰ[੯] ॥੩॥
ਤੇਰੀ ਪਨਹ[੧੦] ਖੁਦਾਇ, ਤੂ ਬਖਸੰਦਗੀ ॥
ਸੇਖ ਫਰੀਦੈ ਖੈਰੁ[੧੧] ਦੀਜੈ ਬੰਦਗੀ ॥੪॥੧॥

---

੧. ਜਿਨ੍ਹਾਂ ਨੂੰ। ੨. ਕਹੇ ਜਾਂਦੇ ਹਨ। ੩. ਜੋ ਵਾਹਿਗੁਰੂ ਦੇ ਇਸ਼ਕ ਵਿਚ ਰਤੇ ਹੋਏ ਹਨ, ਉਹ ਉਸ ਦੇ ਦਰਸ਼ਨਾਂ ਦੇ ਰੰਗ ਵਿਚ ਰਹਿੰਦੇ ਹਨ। ੪. ਧਰਤੀ ਨੂੰ। ੫. ਵਾਹਿਗੁਰੂ ਦੇ ਦਰ ਉਤੇ। ੬. ਫ਼ਕੀਰ। ੭. ਪਾਲਣ ਵਾਲਾ। ੮. ਅਪਹੁੰਚ। ੯. ਮੈਂ। ੧੦. ਸ਼ਰਨ। ੧੧. ਦਾਨ।

ਆਸਾ ਮਹਲਾ ੫

ਸਾਈ[1] ਅਲਖੁ[2] ਅਪਾਰੁ[3] ਭੋਰੀ ਮਨਿ ਵਸੈ ॥ ਦੂਖੁ ਦਰਦੁ ਰੋਗੁ ਮਾਇ ਮੈਡਾ[4] ਹਭੁ[5] ਨਸੈ ॥੧॥ *ਹਉ ਵੰਞਾ ਕੁਰਬਾਣੁ ਸਾਈ ਆਪਣੇ ॥ ਹੋਵੈ ਅਨਦੁ ਘਣਾ[6] [7]ਮਨਿ ਤਨਿ ਜਾਪਣੇ ॥੧॥ ਰਹਾਉ॥ [8]ਬਿੰਦਕ ਗਾਲ੍ਹਿ ਸੁਣੀ ਸਚੇ ਤਿਸੁ ਧਣੀ ॥ ਸੂਖੀ ਹੂੰ ਸੁਖੁ ਪਾਇ, ਮਾਇ ਨ ਕੀਮ ਗਣੀ ॥੨॥ [9]ਨੈਣ ਪਸੰਦੋ ਸੋਇ, ਪੇਖਿ ਮੁਸਤਾਕ ਭਈ ॥ ਮੈ ਨਿਰਗੁਣਿ ਮੇਰੀ ਮਾਇ, ਆਪਿ ਲੜਿ ਲਾਇ ਲਈ ॥੩॥ ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ ॥ ਨਾਨਕ ਕਾ ਪਾਤਿਸਾਹੁ, ਦਿਸੈ ਜਾਹਰਾ ॥੪॥੩॥

---

੧. ਮਾਲਕ। ੨. ਨਾ ਜਾਣਿਆ ਜਾ ਸਕਣ ਵਾਲਾ। ੩. ਬੇਅੰਤ, ਭਾਵ, ਵਾਹਿਗੁਰੂ। ੪. ਮੇਰਾ। ੫. ਸਾਰਾ। ੬. ਬਹੁਤਾ। ੭. ਮਨ ਤੇ ਤਨ ਰਾਹੀਂ ਜਪਣ ਨਾਲ। ੮. ਰਤਾ ਜਿੰਨੀ ਗੱਲ, ਭਾਵ, ਨਾਮ। ੯. ਅੱਖਾਂ ਨੂੰ ਚੰਗੇ ਲਗਣ ਵਾਲੇ ਉਸ ਵਾਹਿਗੁਰੂ ਨੂੰ ਵੇਖ ਕੇ ਮੋਹਿਤ ਹੋ ਗਈ।



ਕਲਿਆਨ ਮਹਲਾ ੪

[1]ਪ੍ਰਭ ਕੀਜੈ ਕ੍ਰਿਪਾ ਨਿਧਾਨ, ਹਮ ਹਰਿ ਗੁਨ ਗਾਵਹਗੇ ॥ *ਹਉ ਤੁਮਰੀ ਕਰਉ ਨਿਤ ਆਸ, ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥੧॥ਰਹਾਉ॥ ਹਮ ਬਾਰਿਕ ਮੁਗਧ[2] ਇਆਨ, ਪਿਤਾ ਸਮਝਾਵਹਿਗੇ ॥ ਸੁਤੁ[3] ਖਿਨੁ ਖਿਨੁ ਭੂਲਿ ਬਿਗਾਰਿ, [4]ਜਗਤ ਪਿਤ ਭਾਵਹਿਗੇ ॥੧॥ ਜੋ ਹਰਿ ਸੁਆਮੀ ਤੁਮ ਦੇਹੁ, ਸੋਈ ਹਮ ਪਾਵਹਗੇ ॥ ਮੋਹਿ ਦੂਜੀ ਨਾਹੀ ਠਉਰ[5], ਜਿਸੁ ਪਹਿ ਹਮ ਜਾਵਹਗੇ ॥੨॥ ਜੋ ਹਰਿ ਭਾਵਹਿ ਭਗਤ, ਤਿਨਾ ਹਰਿ ਭਾਵਹਿਗੇ ॥ ਜੋਤੀ ਜੋਤਿ ਮਿਲਾਇ, ਜੋਤਿ ਰਲਿ ਜਾਵਹਗੇ ॥੩॥ ਹਰਿ ਆਪੇ ਹੋਇ ਕ੍ਰਿਪਾਲੁ, ਆਪਿ ਲਿਵ ਲਾਵਹਿਗੇ ॥ ਜਨੁ ਨਾਨਕੁ ਸਰਨਿ ਦੁਆਰਿ, ਹਰਿ ਲਾਜ ਰਖਾਵਹਿਗੇ ॥੪॥੬॥

---

੧. ਕਿਰਪਾਲੂ ਵਾਹਿਗੁਰੂ, ਕਿਰਪਾ ਕਰੇ। ੨. ਮੂਰਖ। ੩. ਪੁੱਤਰ। ੪. ਜਗਤ ਦੇ ਪਿਤਾ, ਵਾਹਿਗੁਰੂ। ੫. ਥਾਂ।

## ਸੂਹੀ ਮਹਲਾ ੫

ਤੁਧੁ ਚਿਤਿ[1] ਆਏ ਮਹਾ ਅਨੰਦਾ, ਜਿਸੁ ਵਿਸਰਹਿ ਸੋ ਮਰਿ ਜਾਏ ॥ ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ ਤੁਧੁ ਸਦਾ ਧਿਆਏ ॥੧॥ *ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ ॥ ਅਰਦਾਸਿ ਕਰੀ ਪ੍ਰਭ ਅਪਨੇ ਆਗੈ, ਸੁਣਿ ਸੁਣਿ ਜੀਵਾ ਤੇਰੀ ਬਾਣੀ ॥੧॥ਰਹਾਉ॥ ਚਰਣ ਧੂੜਿ ਤੇਰੇ ਜਨ ਕੀ ਹੋਵਾ, ਤੇਰੇ ਦਰਸਨ ਕਉ ਬਲਿ ਜਾਈ ॥ ਅੰਮ੍ਰਿਤ ਬਚਨ [2]ਰਿਦੈ ਉਰਿਧਾਰੀ, ਤਉ[3] ਕਿਰਪਾ ਤੇ ਸੰਗੁ ਪਾਈ ॥੨॥ ਅੰਤਰ[4] ਕੀ ਗਤਿ[5] ਤੁਧੁ ਪਹਿ ਸਾਰੀ[6], ਤੁਧੁ ਜੇਵਡੁ ਅਵਰੁ ਨ ਕੋਈ ॥ ਜਿਸ ਨੋ ਲਾਇ ਲੈਹਿ ਸੋ ਲਾਗੈ, ਭਗਤੁ ਤੁਹਾਰਾ ਸੋਈ ॥੩॥ ਦੁਇ ਕਰ[7] ਜੋੜਿ ਮਾਗਉ ਇਕੁ ਦਾਨਾ, ਸਾਹਿਬਿ ਤੁਠੈ[8] ਪਾਵਾ ॥ [9]ਸਾਸਿ ਸਾਸਿ ਨਾਨਕੁ ਆਰਾਧੇ, ਆਠ ਪਹਰ ਗੁਣ ਗਾਵਾ ॥੪॥੯॥

---

੧. ਚਿਤ ਵਿਚ। ੨. ਹਿਰਦੇ ਅੰਦਰ ਵਸਾਵਾਂ। ੩. ਤੇਰੀ। ੪. ਅੰਦਰ। ੫. ਦਸ਼ਾ। ੬. ਬਿਆਨ ਕੀਤੀ ਹੈ। ੭. ਹੱਥ। ੮. ਪ੍ਰਸੰਨ ਹੋਣ ਨਾਲ। ੯. ਸਵਾਸ ਸਵਾਸ ਨਾਲ।



## ਗਉੜੀ ਬੈਰਾਗਣਿ ਮਹਲਾ ੧

ਹਰਣੀ ਹੋਵਾ ਬਨਿ ਬਸਾ, ਕੰਦ[1] ਮੂਲ[2] ਚੁਣਿ ਖਾਉ ॥ [3]ਗੁਰ ਪਰਸਾਦੀ ਮੇਰਾ ਸਹੁ[4] ਮਿਲੈ, ਵਾਰਿ ਵਾਰਿ ਹਉ ਜਾਉ ਜੀਉ ॥੧॥ *ਮੈ ਬਨਜਾਰਨਿ[5] ਰਾਮ ਕੀ ॥ ਤੇਰਾ ਨਾਮੁ ਵਖਰੁ[6] ਵਾਪਾਰੁ ਜੀ ॥੧॥ਰਹਾਉ॥ ਕੋਕਿਲ[7] ਹੋਵਾ ਅੰਬਿ ਬਸਾ, ਸਹਜਿ ਸਬਦ ਬੀਚਾਰੁ ॥ ਸਹਜਿ ਸੁਭਾਇ ਮੇਰਾ ਸਹੁ[4] ਮਿਲੈ, ਦਰਸਨਿ ਰੂਪਿ ਅਪਾਰੁ ॥੨॥ ਮਛੁਲੀ ਹੋਵਾ ਜਲਿ ਬਸਾ, ਜੀਅ ਜੰਤ ਸਭਿ ਸਾਰਿ ॥ ਉਰਵਾਰਿ ਪਾਰਿ ਮੇਰਾ ਸਹੁ ਵਸੈ, ਹਉ ਮਿਲਉਗੀ ਬਾਹ ਪਸਾਰਿ ॥੩॥ ਨਾਗਨਿ ਹੋਵਾ ਧਰ[8] ਵਸਾ, ਸਬਦੁ ਵਸੈ [9]ਭਉ ਜਾਇ ॥ ਨਾਨਕ ਸਦਾ ਸੋਹਾਗਣੀ, ਜਿਨ ਜੋਤੀ ਜੋਤਿ ਸਮਾਇ ॥੪॥੨॥

---

੧. ਫਲ। ੨. ਜੜ੍ਹਾਂ। ੩. ਗੁਰੂ ਦੀ ਕਿਰਪਾ ਨਾਲ। ੪. ਪਤੀ, ਵਾਹਿਗੁਰੂ। ੫. ਵਪਾਰ ਕਰਨ ਵਾਲੀ ਜੀਵ-ਇਸਤ੍ਰੀ। ੬. ਸੌਦਾ। ੭. ਕੋਇਲ। ੮. ਧਰਤੀ। ੯. ਡਰ ਦੂਰ ਹੁੰਦਾ ਹੈ।

ਆਸਾ ਮਹਲਾ ੫

ਸੰਤਾ[1] ਕੀ ਹੋਇ ਦਾਸਰੀ, ਏਹੁ ਅਚਾਰਾ[2] ਸਿਖੁ ਰੀ ॥ ਸਗਲ ਗੁਣਾ ਗੁਣ ਊਤਮੋ, ਭਰਤਾ ਦੂਰਿ ਨ ਪਿਖੁ[3] ਰੀ ॥੧॥ *ਇਹੁ ਮਨੁ ਸੁੰਦਰਿ[4] ਆਪਣਾ, ਹਰਿ ਨਾਮਿ ਮਜੀਠੈ[5] ਰੰਗਿ ਰੀ ॥ ਤਿਆਗਿ ਸਿਆਣਪ ਚਾਤੁਰੀ, ਤੂੰ ਜਾਣੁ ਗੁਪਾਲਹਿ ਸੰਗਿ ਰੀ ॥੧॥ਰਹਾਉ॥ ਭਰਤਾ ਕਹੈ ਸੁ ਮਾਨੀਐ, ਏਹੁ ਸੀਗਾਰੁ ਬਣਾਇ ਰੀ ॥ [6]ਦੂਜਾ ਭਾਉ ਵਿਸਾਰੀਐ, ਏਹੁ ਤੰਬੋਲਾ[7] ਖਾਇ ਰੀ ॥੨॥ ਗੁਰ ਕਾ ਸਬਦੁ ਕਰਿ ਦੀਪਕੋ[8], ਇਹ ਸਤ ਕੀ ਸੇਜ ਬਿਛਾਇ ਰੀ ॥ ਆਠ ਪਹਰ ਕਰ[9] ਜੋੜਿ ਰਹੁ, ਤਉ ਭੇਟੈ[10] ਹਰਿ ਰਾਇ ਰੀ ॥੩॥ ਤਿਸ ਹੀ ਚਜੁ ਸੀਗਾਰੁ ਸਭੁ, ਸਾਈ ਰੂਪਿ ਅਪਾਰਿ ਰੀ ॥ ਸਾਈ ਸੋਹਾਗਣਿ ਨਾਨਕਾ, ਜੋ ਭਾਣੀ ਕਰਤਾਰਿ ਰੀ ॥੪॥੧੬॥

---

੧. ਸਤਸੰਗੀਆਂ ਦੀ। ੨. ਚੱਜ-ਅਚਾਰ। ੩. ਵੇਖ। ੪. ਹੇ ਸੁੰਦਰੀ, ਜੀਵ ਇਸਤ੍ਰੀ। ੫. ਪੱਕੇ। ੬. ਦਵੈਤਾ ਭਾਵ। ੭. ਪਾਨ। ੮. ਦੀਵਾ। ੯. ਹੱਥ। ੧੦. ਮਿਲਦਾ ਹੈ।



ਕਬੀਰੁ ਮਾਰੂ

*ਰਾਮੁ ਸਿਮਰੁ ਪਛੁਤਾਹਿਗਾ ਮਨ ॥

ਪਾਪੀ ਜੀਅਰਾ[1] ਲੋਭੁ ਕਰਤੁ ਹੈ, ਆਜੁ ਕਾਲਿ ਉਠਿ ਜਾਹਿਗਾ ॥੧॥ਰਹਾਉ॥ ਲਾਲਚ ਲਾਗੇ ਜਨਮੁ ਗਵਾਇਆ, ਮਾਇਆ ਭਰਮ ਭੁਲਾਹਿਗਾ ॥ ਧਨ ਜੋਬਨ ਕਾ ਗਰਬੁ[2] ਨ ਕੀਜੈ, ਕਾਗਦ ਜਿਉ ਗਲਿ ਜਾਹਿਗਾ ॥੧॥ ਜਉ ਜਮੁ ਆਇ [3]ਕੇਸ ਗਹਿ ਪਟਕੈ, ਤਾ ਦਿਨ ਕਿਛੁ [4]ਨ ਬਸਾਹਿਗਾ ॥ ਸਿਮਰਨੁ ਭਜਨੁ ਦਇਆ ਨਹੀ ਕੀਨੀ, ਤਉ ਮੁਖਿ ਚੋਟਾ ਖਾਹਿਗਾ ॥੨॥ ਧਰਮਰਾਇ ਜਬ ਲੇਖਾ ਮਾਗੈ, ਕਿਆ ਮੁਖੁ ਲੈ ਕੈ ਜਾਹਿਗਾ ॥ ਕਹਤੁ ਕਬੀਰੁ ਸੁਨਹੁ ਰੇ ਸੰਤਹੁ[5], ਸਾਧ ਸੰਗਤਿ ਤਰਿ ਜਾਂਹਿਗਾ ॥੩॥

---

੧. ਜੀਵ। ੨. ਮਾਣ, ਹੰਕਾਰ। ੩. ਕੇਸਾਂ ਤੋਂ ਪਕੜ ਕੇ ਪਟਕਾਂਦਾ ਹੈ। ੪. ਵਸ ਨਹੀਂ ਚਲੇਗਾ। ੫. ਹੇ ਸਜਣੋ।

ਆਸਾ ਮਹਲਾ ੫

[੧]ਭਈ ਪਰਾਪਤਿ ਮਾਨੁਖ ਦੇਹੁਰੀਆ[੨] ॥
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ[੩] ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥
[੪]ਸਰੰਜਾਮਿ ਲਾਗੁ ਭਵਜਲ[੫] ਤਰਨ ਕੈ ॥
ਜਨਮੁ ਬ੍ਰਿਥਾ[੬] ਜਾਤ
ਰੰਗਿ[੭] ਮਾਇਆ ਕੈ ॥੧॥ਰਹਾਉ॥
ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥
ਸੇਵਾ ਸਾਧ ਨ ਜਾਨਿਆ [੮]ਹਰਿ ਰਾਇਆ ॥
ਕਹੁ ਨਾਨਕ ਹਮ ਨੀਚ ਕਰੰਮਾ ॥
ਸਰਣਿ ਪਰੇ ਕੀ ਰਾਖਹੁ ਸਰਮਾ[੯] ॥੨॥੪॥

---

੧. ਪਰਾਪਤ ਹੋਈ, ਮਿਲੀ। ੨. ਦੇਹੀ, ਜਨਮ। ੩. ਵਾਰੀ। ੪. ਪਰਬੰਧ ਵਿਚ ਲਗ। ੫. ਸੰਸਾਰ-ਸਮੁੰਦਰ। ੬. ਨਿਸਫਲ। ੭. ਪਿਆਰ ਵਿਚ। ੮. ਹਰੀ ਰਾਜਾ, ਵਾਹਿਗੁਰੂ। ੯. ਲੱਜਾ।



ਮਹਲਾ ੪ (ਵਾਰ ਗਉੜੀ)

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ[੧] ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ[੧] ਪਰਭਾਤੀ[੨], ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ[੩] ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ [੪]ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, ਸੋ ਗੁਰਸਿਖੁ, ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸੁ ਗੁਰਸਿਖ ਗੁਰੂ ਉਪਦੇਸੁ[੫] ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ, ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

---

੧. ਰੋਜ਼ ਸਵੇਰੇ। ੨. ਅੰਮ੍ਰਿਤ ਵੇਲੇ। ੩. ਗੁਨਾਹ। ੪. ਸਾਹ ਬਾਹਰ ਅੰਦਰ ਜਾਂਦਿਆਂ। ੫. ਗੁਰ-ਮੰਤਰ।

ਵਾਰਾਂ ਭਾਈ ਗੁਰਦਾਸ ਜੀ

*ਹਉ ਤਿਸੁ [1]ਘੋਲਿ ਘੁਮਾਇਆ
ਗੁਰਮਤਿ ਰਿਦੈ ਗਰੀਬੀ[2] ਆਵੈ ॥
ਹਉ ਤਿਸੁ ਘੋਲਿ ਘੁਮਾਇਆ
[3]ਪਰ ਨਾਰੀ ਦੈ ਨੇੜਿ ਨ ਜਾਵੈ ॥
ਹਉ ਤਿਸੁ ਘੋਲਿ ਘੁਮਾਇਆ
[4]ਪਰ ਦਰਬੈ ਨੋ ਹਥੁ ਨ ਲਾਵੈ ॥
ਹਉ ਤਿਸੁ ਘੋਲਿ ਘੁਮਾਇਆ
ਪਰ ਨਿੰਦਾ ਸੁਣਿ ਆਪੁ ਹਟਾਵੈ ॥
ਹਉ ਤਿਸੁ ਘੋਲਿ ਘੁਮਾਇਆ
ਸਤਿਗੁਰ ਦਾ ਉਪਦੇਸੁ ਕਮਾਵੈ ॥
ਹਉ ਤਿਸੁ ਘੋਲਿ ਘੁਮਾਇਆ
ਥੋੜਾ ਸਵੈ ਥੋੜਾ ਹੀ ਖਾਵੈ ॥
ਗੁਰਮੁਖਿ ਸੋਈ [5]ਸਹਜਿ ਸਮਾਵੈ ॥੪॥(੧੨)

---

੧. ਸਦਕੇ, ਕੁਰਬਾਨ। ੨. ਨਿਮਰਤਾ। ੩. ਪਰਾਈ-ਇਸਤ੍ਰੀ। ੪. ਪਰਾਏ ਧਨ ਨੂੰ। ੫. ਉੱਚੀ ਅਵਸਥਾ ਵਿਚ।



ਸਲੋਕੁ ਮਹਲਾ ੧ (ਵਾਰ ਰਾਮਕਲੀ ਮਹਲਾ ੩)

ਸਰਵਰ[1] ਹੰਸ[2] ਧੁਰੇ ਹੀ ਮੇਲਾ
ਖਸਮੈ[3] ਏਵੈ ਭਾਣਾ ॥
*ਸਰਵਰ ਅੰਦਰਿ ਹੀਰਾ ਮੋਤੀ[4]
ਸੋ ਹੰਸਾ ਕਾ ਖਾਣਾ ॥
ਬਗੁਲਾ[5] ਕਾਗੁ[5] ਨ ਰਹਈ ਸਰਵਰਿ
ਜੇ ਹੋਵੈ ਅਤਿ ਸਿਆਣਾ ॥
ਓਨਾ[6] ਰਿਜਕੁ[7] ਨ ਪਇਓ ਓਥੈ
ਓਨ੍ਾ ਹੋਰੋ ਖਾਣਾ ॥
[8]ਸਚਿ ਕਮਾਣੈ ਸਚੋ ਪਾਈਐ
ਕੂੜੈ ਕੂੜਾ ਮਾਣਾ ॥
ਨਾਨਕ ਤਿਨ ਕੌ ਸਤਿਗੁਰੁ ਮਿਲਿਆ
ਜਿਨਾ ਧੁਰੇ ਪੈਯਾ ਪਰਵਾਣਾ[9] ॥੯॥

---

੧. ਗੁਰੂ-ਸਰੋਵਰ। ੨. ਸਤਸੰਗੀ। ੩. ਵਾਹਿਗੁਰੂ ਨੂੰ। ੪. ਨਾਮ-ਸਿਮਰਨ। ੫. ਬੇਮੁਖ। ੬. ਕਾਂ ਬਗਲੇ ਆਦਿ ਬੇਮੁਖਾਂ ਨੂੰ। ੭ ਖੁਰਾਕ। ੮. ਸੱਚੇ ਨਾਮ ਦੀ ਕਮਾਈ ਕੀਤਿਆਂ ਨੂੰ। ੯. ਹੁਕਮ।

## ਪਉੜੀ (ਵਾਰ ਗਉੜੀ)

*ਓਥੈ[੧] ਅੰਮ੍ਰਿਤੁ ਵੰਡੀਐ
ਸੁਖੀਆ ਹਰਿ ਕਰਣੇ ॥

ਜਮ ਕੈ ਪੰਥਿ[੨] ਨ ਪਾਈਅਹਿ
ਫਿਰਿ ਨਾਹੀ ਮਰਣੇ[੩] ॥

ਜਿਸ ਨੋ ਆਇਆ ਪ੍ਰੇਮ ਰਸੁ
ਤਿਸੈ ਹੀ ਜਰਣੇ[੪] ॥

ਬਾਣੀ ਉਚਰਹਿ [੫]ਸਾਧ ਜਨ
ਅਮਿਉ[੬] ਚਲਹਿ ਝਰਣੇ ॥

ਪੇਖਿ[੭] ਦਰਸਨੁ ਨਾਨਕੁ ਜੀਵਿਆ
ਮਨ ਅੰਦਰਿ ਧਰਣੇ ॥੯॥

---

੧. ਸਤਸੰਗਤਿ ਵਿਚ। ੨. ਰਾਹ 'ਤੇ। ੩. ਆਵਾ ਗਵਣ। ੪. ਜਰਿਆ ਹੈ। ੫. ਸਤਿਗੁਰੂ। ੬. ਅੰਮ੍ਰਿਤ ਦੇ। ੭. ਵੇਖ ਕੇ।



## ਆਸਾ ਮਹਲਾ ੫

ਅਪੁਨੇ ਸੇਵਕ ਕੀ ਆਪੇ ਰਾਖੈ[੧]
ਆਪੇ ਨਾਮੁ ਜਪਾਵੈ ॥

ਜਹ ਜਹ ਕਾਜ ਕਿਰਤਿ ਸੇਵਕ ਕੀ
ਤਹਾ ਤਹਾ ਉਠਿ ਧਾਵੈ[੨] ॥੧॥

*ਸੇਵਕ ਕਉ ਨਿਕਟੀ ਹੋਇ ਦਿਖਾਵੈ ॥

ਜੋ ਜੋ ਕਹੈ ਠਾਕੁਰ ਪਹਿ ਸੇਵਕੁ
ਤਤਕਾਲ[੩] ਹੋਇ ਆਵੈ ॥੧॥ਰਹਾਉ॥

ਤਿਸੁ ਸੇਵਕ ਕੈ ਹਉ ਬਲਿਹਾਰੀ
ਜੋ ਅਪਨੇ ਪ੍ਰਭ ਭਾਵੈ ॥

ਤਿਸ ਕੀ ਸੋਇ[੪] ਸੁਣੀ ਮਨੁ ਹਰਿਆ
ਤਿਸੁ ਨਾਨਕ ਪਰਸਣਿ[੫] ਆਵੈ ॥੨॥੭॥

---

੧. ਪੈਜ ਰਖਦਾ ਹੈ। ੨. ਧਾ ਕੇ ਪੁਜਦਾ ਹੈ। ੩. ਝਟਪਟ, ਉਸੇ ਵੇਲੇ। ੪. ਸੋਭਾ। ੫. ਚਰਨ ਛੋਹਣ ਲਈ।

ਧਨਾਸਰੀ ਮਹਲਾ ੫

ਅਉਖੀ ਘੜੀ ਨ ਦੇਖਣ ਦੇਈ
ਅਪਨਾ ਬਿਰਦੁ[1] ਸਮਾਲੇ ॥
ਹਾਥ ਦੇਇ ਰਾਖੈ[2] ਅਪਨੇ[3] ਕਉ
ਸਾਸਿ ਸਾਸਿ ਪ੍ਰਤਿਪਾਲੇ ॥੧॥
ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥
*ਆਦਿ ਅੰਤਿ ਪ੍ਰਭੁ ਸਦਾ ਸਹਾਈ
ਧੰਨੁ ਹਮਾਰਾ ਮੀਤੁ[4] ॥ਰਹਾਉ॥
[5]ਮਨਿ ਬਿਲਾਸ ਭਏ ਸਾਹਿਬ ਕੇ
ਅਚਰਜ ਦੇਖਿ ਬਡਾਈ[5] ॥
ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ
ਪ੍ਰਭਿ ਪੂਰਨ ਪੈਜ[6] ਰਖਾਈ ॥੨॥੧੫॥

---

੧. ਬਿਰਦ ਪਾਲਦਾ ਹੈ। ੨. ਰਖਦਾ ਹੈ। ੩. ਆਪਣੇ ਸੇਵਕ ਨੂੰ। ੪. ਮਿਤਰ ਵਾਹਿਗੁਰੂ। ੫. ਸਾਹਿਬ ਦੇ ਕੌਤਕ ਤੇ ਵਡਾਈ ਵੇਖ ਕੇ ਮਨ ਵਿਚ ਖੇੜਾ ਹੁੰਦਾ ਹੈ। ੬. ਇੱਜ਼ਤ।



ਬਿਲਾਵਲੁ ਮਹਲਾ ੫

*ਤਾਤੀ ਵਾਉ ਨ ਲਗਈ
ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮ ਕਾਰ[1]
ਦੁਖੁ ਲਗੈ ਨ ਭਾਈ ॥੧॥
ਸਤਿਗੁਰੁ ਪੂਰਾ ਭੇਟਿਆ[2]
ਜਿਨਿ ਬਣਤ ਬਣਾਈ ॥
ਰਾਮ ਨਾਮੁ ਅਉਖਧੁ[3] ਦੀਆ
ਏਕਾ ਲਿਵ ਲਾਈ ॥੧॥ਰਹਾਉ॥
ਰਾਖਿ ਲੀਏ ਤਿਨਿ ਰਖਨਹਾਰਿ
ਸਭ ਬਿਆਧਿ[4] ਮਿਟਾਈ ॥
ਕਹੁ ਨਾਨਕ ਕਿਰਪਾ ਭਈ
ਪ੍ਰਭ ਭਏ ਸਹਾਈ ॥੨॥੧੫॥

---

੧. ਵਾਹਿਗੁਰੂ ਦੀ ਰਖਵਾਲੀ। ੨. ਮਿਲਿਆ। ੩. ਦਾਰੂ। ੪. ਰੋਗ।

ਰਾਗੁ ਬਿਲਾਵਲੁ ਮਹਲਾ ੫

ਅਵਰਿ ਉਪਾਵ ਸਭਿ ਤਿਆਗਿਆ
*ਦਾਰੂ ਨਾਮੁ ਲਇਆ ॥
ਤਾਪ ਪਾਪ ਸਭਿ ਮਿਟੇ ਰੋਗ
ਸੀਤਲ[1] ਮਨੁ ਭਇਆ ॥੧॥
ਗੁਰੁ ਪੂਰਾ ਆਰਾਧਿਆ
ਸਗਲਾ ਦੂਖੁ ਗਇਆ ॥
ਰਾਖਨਹਾਰੈ[2] ਰਾਖਿਆ
ਅਪਨੀ ਕਰਿ ਮਇਆ[3] ॥੧॥ਰਹਾਉ॥
ਬਾਹ ਪਕੜਿ ਪ੍ਰਭਿ ਕਾਢਿਆ
ਕੀਨਾ ਅਪਨਇਆ[4] ॥
ਸਿਮਰਿ ਸਿਮਰਿ ਮਨ ਤਨ ਸੁਖੀ
ਨਾਨਕ ਨਿਰਭਇਆ[5] ॥੨॥੧॥

---

੧. ਸ਼ਾਂਤ। ੨. ਰਖਵਾਲੇ ਵਾਹਿਗੁਰੂ ਨੇ। ੩. ਮਿਹਰ। ੪. ਆਪਣਾ। ੫. ਨਿ-ਡਰ ਹੋ ਗਿਆ।



ਸੋਰਠਿ ਮਹਲਾ ੫

ਜਨਮ ਜਨਮ ਕੇ ਦੂਖ ਨਿਵਾਰੈ[1]
ਸੂਕਾ ਮਨੁ ਸਾਧਾਰੈ[2] ॥
ਦਰਸਨੁ ਭੇਟਤ[3] ਹੋਤ ਨਿਹਾਲਾ
ਹਰਿ ਕਾ ਨਾਮੁ ਬੀਚਾਰੈ ॥੧॥
*ਮੇਰਾ ਬੈਦੁ ਗੁਰੂ ਗੋਵਿੰਦਾ ॥
ਹਰਿ ਹਰਿ ਨਾਮੁ ਅਉਖਧੁ[4] ਮੁਖਿ ਦੇਵੈ
ਕਾਟੈ ਜਮ ਕੀ ਫੰਧਾ[5] ॥੧॥ਰਹਾਉ॥
ਸਮਰਥ[6] ਪੁਰਖ ਪੂਰਨ ਬਿਧਾਤੇ[7]
ਆਪੇ ਕਰਣੈਹਾਰਾ ॥
ਅਪੁਨਾ ਦਾਸੁ ਹਰਿ ਆਪਿ ਉਬਾਰਿਆ[8]
ਨਾਨਕ ਨਾਮ ਅਧਾਰਾ ॥੨॥੬॥

---

੧. ਦੂਰ ਕਰਦਾ ਹੈ। ੨. (ਸੰਸਕ੍ਰਿਤ) ਆਲ-ਬਾਲ ਸਹਿਤ, ਜਲ ਦਿੰਦਾ ਹੈ, ਹਰਿਆ ਕਰਦਾ ਹੈ। ੩. ਪਰਸਣ ਨਾਲ। ੪. ਦਾਰੂ। ੫. ਫਾਹੀ। ੬. ਸਰਬ ਸ਼ਕਤੀਵਾਨ। ੭. ਰਚਨਹਾਰ। ੮. ਤਾਰਿਆ।

### ਗਉੜੀ ਮਹਲਾ ੫ ਮਾਂਝ

*[1]ਦੂਖ ਭੰਜਨੁ ਤੇਰਾ ਨਾਮੁ ਜੀ, ਦੁਖ ਭੰਜਨੁ ਤੇਰਾ ਨਾਮੁ ॥ ਆਠ ਪਹਰ ਆਰਾਧੀਐ, ਪੂਰਨ ਸਤਿਗੁਰ ਗਿਆਨੁ ॥੧॥ਰਹਾਉ॥ ਜਿਤੁ ਘਟਿ[2] ਵਸੈ ਪਾਰਬ੍ਰਹਮੁ[3], ਸੋਈ ਸੁਹਾਵਾ ਥਾਉ ॥ [4]ਜਮ ਕੰਕਰੁ ਨੇੜਿ ਨ ਆਵਈ, ਰਸਨਾ[5] ਹਰਿ ਗੁਣ ਗਾਉ ॥੧॥ ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ ॥ ਓਟ ਤੇਰੀ ਜਗਜੀਵਨਾ[3], ਮੇਰੇ ਠਾਕੁਰ ਅਗਮ[6] ਅਗਾਧਿ[6] ॥੨॥ ਭਏ ਕ੍ਰਿਪਾਲ ਗੁਸਾਈਆ[3], ਨਠੇ [7]ਸੋਗ ਸੰਤਾਪ ॥ ਤਤੀ ਵਾਉ ਨ ਲਗਈ, ਸਤਿਗੁਰਿ ਰਖੇ ਆਪਿ ॥੩॥ ਗੁਰੁ ਨਾਰਾਇਣੁ, ਦਯੁ[3] ਗੁਰੁ, ਗੁਰੁ ਸਚਾ ਸਿਰਜਣਹਾਰੁ ॥ ਗੁਰਿ ਤੁਠੈ[8] ਸਭ ਕਿਛੁ ਪਾਇਆ, ਜਨ ਨਾਨਕ ਸਦ ਬਲਿਹਾਰ ॥੪॥੨॥

---

੧. ਦੁਖ ਦੂਰ ਕਰਨ ਵਾਲਾ। ੨. ਹਿਰਦੇ ਵਿਚ। ੩. ਵਾਹਿਗੁਰੂ। ੪. ਜਮ-ਦੂਤ। ੫. ਜੀਭ ਨਾਲ। ੬. ਬੇਅੰਤ ਵਾਹਿਗੁਰੂ। ੭. ਦੁਖ-ਕਲੇਸ਼। ੮. ਮਿਹਰਬਾਨ ਹੋਣ ਨਾਲ।



### ਧਨਾਸਰੀ ਮਹਲਾ ੫

ਘਰਿ ਬਾਹਰਿ ਤੇਰਾ ਭਰਵਾਸਾ
ਤੂ ਜਨ ਕੈ ਹੈ ਸੰਗਿ ॥
ਕਰਿ ਕਿਰਪਾ ਪ੍ਰੀਤਮ ਪ੍ਰਭ ਅਪੁਨੇ
ਨਾਮੁ ਜਪਉ ਹਰਿ ਰੰਗਿ[1] ॥੧॥
*ਜਨ ਕਉ ਪ੍ਰਭ ਅਪਨੇ ਕਾ ਤਾਣੁ ॥
ਜੋ ਤੂ ਕਰਹਿ ਕਰਾਵਹਿ ਸੁਆਮੀ
ਸਾ ਮਸਲਤਿ[2] ਪਰਵਾਣੁ ॥ਰਹਾਉ॥
[3]ਪਤਿ ਪਰਮੇਸਰੁ ਗਤਿ ਨਾਰਾਇਣੁ
ਧਨੁ ਗੁਪਾਲ ਗੁਣ ਸਾਖੀ[3] ॥
ਚਰਨ ਸਰਨ ਨਾਨਕ ਦਾਸ ਹਰਿ ਹਰਿ
ਸੰਤੀ[4] ਇਹ ਬਿਧਿ ਜਾਤੀ ॥੨॥੧॥

---

੧. ਰੰਗ ਨਾਲ, ਪ੍ਰੇਮ ਨਾਲ। ੨. ਸਲਾਹ। ੩. ਵਾਹਿਗੁਰੂ ਹੀ ਸੇਵਕਾਂ ਦੀ ਇੱਜ਼ਤ ਹੈ, ਮੁਕਤੀ ਹੈ ਅਤੇ ਉਸ ਦੇ ਗੁਣ ਗਾਣੇ ਹੀ ਧਨ ਹੈ। ੪. ਦਾਸਾਂ ਨੇ।

ਭੈਰਉ ਮਹਲਾ ੫

ਊਠਤ ਸੁਖੀਆ ਬੈਠਤ ਸੁਖੀਆ ॥
ਭਉ[੧] ਨਹੀ ਲਾਗੈ [੨]ਜਾਂ ਐਸੇ ਬੁਝੀਆ ॥੧॥

*[੩]ਰਾਖਾ ਏਕੁ ਹਮਾਰਾ ਸੁਆਮੀ ॥
ਸਗਲ [੪]ਘਟਾ ਕਾ ਅੰਤਰਜਾਮੀ[੫] ॥੧॥ਰਹਾਉ॥

ਸੋਇ ਅਚਿੰਤਾ[੬] ਜਾਗਿ ਅਚਿੰਤਾ ॥
[੭]ਜਹਾ ਕਹਾਂ ਪ੍ਰਭੁ ਤੂੰ ਵਰਤੰਤਾ[੮] ॥੨॥

ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥
ਕਹੁ ਨਾਨਕ [੯]ਗੁਰਿ ਮੰਤ੍ਰੁ ਦ੍ਰਿੜਾਇਆ ॥੩॥੨॥

---

੧. ਡਰ। ੨. ਜਦੋਂ ਇਸ ਤਰ੍ਹਾਂ ਸਮਝ ਲਿਆ ਕਿ। ੩. ਸਾਡਾ ਰਖਵਾਲਾ ਇਕ ਵਾਹਿਗੁਰੂ ਹੈ। ੪. ਹਿਰਦਿਆਂ ਦਾ। ੫. ਅੰਦਰ ਦੀਆਂ ਜਾਣਨ ਵਾਲਾ। ੬. ਬੇਫ਼ਿਕਰ। ੭. ਜਿਥੇ ਕਿਥੇ, ਭਾਵ, ਸਭ ਥਾਈਂ। ੮. ਵਰਤ ਰਿਹਾ, ਵਿਆਪ ਰਿਹਾ ਹੈ। ੯. ਗੁਰੂ ਨੇ ਗੁਰ-ਸ਼ਬਦ ਦ੍ਰਿੜ੍ਹ ਕਰਾਇਆ।



ਬਿਲਾਵਲੁ ਮਹਲਾ ੫

ਰੋਗੁ ਮਿਟਾਇਆ ਆਪਿ ਪ੍ਰਭਿ
ਉਪਜਿਆ[੧] ਸੁਖੁ ਸਾਂਤਿ ॥

ਵਡ ਪਰਤਾਪੁ ਅਚਰਜ ਰੂਪੁ
ਹਰਿ ਕੀਨ੍ਹੀ ਦਾਤਿ ॥੧॥

ਗੁਰਿ ਗੋਵਿੰਦਿ ਕ੍ਰਿਪਾ ਕਰੀ
ਰਾਖਿਆ ਮੇਰਾ ਭਾਈ[੨] ॥

ਹਮ ਤਿਸ ਕੀ ਸਰਣਾਗਤੀ[੩]
ਜੋ ਸਦਾ ਸਹਾਈ ॥੧॥ਰਹਾਉ॥

*ਬਿਰਥੀ ਕਦੇ ਨ ਹੋਵਈ
ਜਨ ਕੀ ਅਰਦਾਸਿ ॥

ਨਾਨਕ ਜੋਰੁ ਗੋਵਿੰਦ ਕਾ
ਪੂਰਨ ਗੁਣਤਾਸਿ[੪] ॥੨॥੧੩॥

---

੧. ਪੈਦਾ ਹੋਇਆ। ੨. ਪਿਆਰਾ। ੩. ਸ਼ਰਨੀ। ੪. ਗੁਣਾਂ ਦਾ ਖ਼ਜ਼ਾਨਾ, ਵਾਹਿਗੁਰੂ।

ਬਿਲਾਵਲੁ ਮਹਲਾ ੫

*ਅਪਣੇ ਬਾਲਕ ਆਪਿ ਰਖਿਅਨੁ
ਪਾਰਬ੍ਰਹਮ ਗੁਰਦੇਵ ॥
ਸੁਖ ਸਾਂਤਿ ਸਹਜ ਆਨਦ ਭਏ
ਪੂਰਨ ਭਈ ਸੇਵ ॥੧॥ਰਹਾਉ॥
ਭਗਤ ਜਨਾ ਕੀ ਬੇਨਤੀ
ਸੁਣੀ ਪ੍ਰਭਿ ਆਪਿ ॥
ਰੋਗ ਮਿਟਾਇ ਜੀਵਾਲਿਅਨੁ[1]
ਜਾ ਕਾ ਵਡ ਪਰਤਾਪੁ ॥੧॥
ਦੋਖ ਹਮਾਰੇ ਬਖਸਿਅਨੁ
ਅਪਣੀ [2]ਕਲ ਧਾਰੀ ॥
[3]ਮਨ ਬਾਂਛਤ ਫਲ ਦਿਤਿਅਨੁ[4]
ਨਾਨਕ ਬਲਿਹਾਰੀ ॥੨॥੧੬॥

---

੧. ਉਸ ਵਾਹਿਗੁਰੂ ਜੀ ਨੇ ਜੀਵਾਲ ਲਿਆ ਹੈ। ੨. ਕਲਾ ਵਰਤਾ ਕੇ। ੩. ਮਨ-ਮੰਗੇ। ੪. ਦਿੱਤੇ ਹਨ।



ਸੂਹੀ ਮਹਲਾ ੫

ਜਿਸ ਕੇ ਸਿਰ ਊਪਰਿ ਤੂੰ ਸੁਆਮੀ, ਸੋ ਦੁਖੁ ਕੈਸਾ ਪਾਵੈ ॥ ਬੋਲਿ[1] ਨ ਜਾਣੈ ਮਾਇਆ ਮਦਿ[2] ਮਾਤਾ, ਮਰਣਾ ਚੀਤਿ ਨ ਆਵੈ ॥੧॥ *ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥ ਤੇਰੇ ਸੇਵਕ ਕਉ ਭਉ ਕਿਛੁ ਨਾਹੀ, ਜਮੁ ਨਹੀ ਆਵੈ ਨੇਰੇ ॥੧॥ਰਹਾਉ॥ ਜੋ ਤੇਰੈ ਰੰਗਿ[3] ਰਾਤੇ ਸੁਆਮੀ, ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥ ਤੇਰੀ ਬਖਸ ਨ ਮੇਟੈ ਕੋਈ, ਸਤਿਗੁਰ ਕਾ ਦਿਲਾਸਾ[4] ॥੨॥ ਨਾਮੁ ਧਿਆਇਨਿ ਸੁਖ ਫਲ ਪਾਇਨਿ, ਆਠ ਪਹਰ ਆਰਾਧਹਿ ॥ ਤੇਰੀ ਸਰਣਿ ਤੇਰੈ ਭਰਵਾਸੈ, ਪੰਚ[5] ਦੁਸਟ ਲੈ ਸਾਧਹਿ[6] ॥੩॥ ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ, ਸਾਰ[7] ਨ ਜਾਣਾ ਤੇਰੀ ॥ ਸਭ ਤੇ ਵਡਾ ਸਤਿਗੁਰੁ ਨਾਨਕੁ, ਜਿਨਿ ਕਲ[8] ਰਾਖੀ ਮੇਰੀ ॥੪॥

---

੧. ਭਾਵ, ਮਿੱਠਾ ਬੋਲ। ੨. ਨਸ਼ੇ ਵਿਚ। ੩. ਪ੍ਰੇਮ ਵਿਚ। ੪. ਧੀਰਜ। ੫. ਪੰਜ ਕਾਮ ਆਦਿਕ। ੬. ਵਸ ਕਰ ਲੈਂਦੇ ਹਨ। ੭. ਸੋਝੀ। ੮. ਸ਼ਕਤੀ।

ਗਉੜੀ ਮਹਲਾ ੫

ਥਿਰੁ[1] ਘਰਿ ਬੈਸਹੁ ਹਰਿ ਜਨ ਪਿਆਰੇ ॥
*ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥ਰਹਾਉ॥

ਦੁਸਟ ਦੂਤ ਪਰਮੇਸਰਿ ਮਾਰੇ ॥
ਜਨ ਕੀ ਪੈਜ[2] ਰਖੀ ਕਰਤਾਰੇ ॥੧॥

ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥
ਅੰਮ੍ਰਿਤ ਨਾਮ ਮਹਾ ਰਸ ਪੀਨੇ[3] ॥੨॥

ਨਿਰਭਉ ਹੋਇ ਭਜਹੁ[4] ਭਗਵਾਨ ॥
ਸਾਧ ਸੰਗਤਿ ਮਿਲਿ ਕੀਨੋ ਦਾਨੁ ॥੩॥

ਸਰਣਿ ਪਰੇ ਪ੍ਰਭ ਅੰਤਰਜਾਮੀ[5] ॥
ਨਾਨਕ ਓਟ ਪਕਰੀ ਪ੍ਰਭ ਸੁਆਮੀ ॥੪॥੧੦੮॥

---

੧. ਟਿਕ ਕੇ। ੨. ਇੱਜ਼ਤ। ੩. ਪੀਤੇ, ਅਨੰਦ ਮਾਣਿਆ। ੪. ਭਜਿਓ, ਜਪਿਆ। ੫. ਦਿਲ ਦੀਆਂ ਗੱਲਾਂ ਜਾਣਨ ਵਾਲਾ, ਵਾਹਿਗੁਰੂ।



ਸੋਰਠਿ ਮਹਲਾ ੫

ਨਾਲਿ ਨਰਾਇਣੁ[1] ਮੇਰੈ ॥
ਜਮਦੂਤੁ ਨ ਆਵੈ ਨੇਰੈ ॥

[2]ਕੰਠਿ ਲਾਇ ਪ੍ਰਭ ਰਾਖੈ[3] ॥
ਸਤਿਗੁਰ ਕੀ ਸਚੁ ਸਾਖੈ[4] ॥੧॥

*ਗੁਰਿ ਪੂਰੈ [5]ਪੂਰੀ ਕੀਤੀ ॥
ਦੁਸਮਨ[6] ਮਾਰਿ ਵਿਡਾਰੇ[7] ਸਗਲੇ
ਦਾਸ ਕਉ ਸੁਮਤਿ ਦੀਤੀ ॥੧॥ਰਹਾਉ॥

ਪ੍ਰਭਿ ਸਗਲੇ ਥਾਨ ਵਸਾਏ ॥
ਸੁਖਿ ਸਾਂਦਿ ਫਿਰਿ ਆਏ ॥

ਨਾਨਕ ਪ੍ਰਭ ਸਰਣਾਏ[8] ॥
ਜਿਨਿ ਸਗਲੇ ਰੋਗ ਮਿਟਾਏ ॥੨॥੨੪॥

---

੧. ਵਾਹਿਗੁਰੂ। ੨. ਗਲ ਨਾਲ ਲਾ ਕੇ। ੩. ਰਖਦਾ ਹੈ। ੪. ਸੱਚੀ ਗਵਾਹੀ ਨਾਲ। ੫. ਤੋੜ ਨਿਬਾਹੀ। ੬. ਕਾਮ ਕ੍ਰੋਧ ਤੇ ਨਿੰਦਾ ਝੂਠ ਆਦਿਕ। ੭. ਪਰੇ ਹਟਾ ਦਿੱਤੇ। ੮. ਆਸਰਾ ਹੈ।

ਸੋਰਠਿ ਮਹਲਾ ੫

ਹਰਿ [1]ਮਨਿ ਤਨਿ ਵਸਿਆ ਸੋਈ ॥
ਜੈ ਜੈਕਾਰੁ ਕਰੇ ਸਭੁ ਕੋਈ ॥

ਗੁਰ ਪੂਰੇ ਕੀ ਵਡਿਆਈ ॥
ਤਾ ਕੀ ਕੀਮਤਿ ਕਹੀ ਨ ਜਾਈ ॥੧॥

*ਹਉ ਕੁਰਬਾਨੁ ਜਾਈ ਤੇਰੇ ਨਾਵੈ ॥
ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ
ਸੋ ਜਸੁ ਤੇਰਾ ਗਾਵੈ ॥੧॥ਰਹਾਉ॥

ਤੂੰ ਭਾਰੋ[2] ਸੁਆਮੀ ਮੇਰਾ ॥
ਸੰਤਾਂ ਭਰਵਾਸਾ[3] ਤੇਰਾ ॥

ਨਾਨਕ ਪ੍ਰਭ ਸਰਣਾਈ ॥
ਮੁਖਿ ਨਿੰਦਕ ਕੈ ਛਾਈ ॥੨॥੨੨॥

---

੧. ਮਨ ਵਿਚ ਤੇ ਤਨ ਵਿਚ। ੨. ਵੱਡਾ। ੩. ਆਸਰਾ।



ਸੋਰਠਿ ਮਹਲਾ ੫

ਗੁਰ ਕਾ ਸਬਦੁ[1] ਰਖਵਾਰੇ ॥
ਚਉਕੀ[2] ਚਉਗਿਰਦ ਹਮਾਰੇ ॥

ਰਾਮ ਨਾਮਿ ਮਨੁ ਲਾਗਾ ॥
ਜਮੁ [3]ਲਜਾਇ ਕਰਿ ਭਾਗਾ ॥੧॥

*ਪ੍ਰਭ ਜੀ ਤੂ ਮੇਰੋ ਸੁਖਦਾਤਾ ॥
ਬੰਧਨ ਕਾਟਿ ਕਰੇ ਮਨੁ ਨਿਰਮਲੁ
ਪੂਰਨ ਪੁਰਖੁ ਬਿਧਾਤਾ[4] ॥ਰਹਾਉ॥

ਨਾਨਕ ਪ੍ਰਭੁ ਅਬਿਨਾਸੀ[5] ॥
ਤਾ ਕੀ ਸੇਵ ਨ ਬਿਰਥੀ[6] ਜਾਸੀ ॥

ਅਨਦ ਕਰਹਿ ਤੇਰੇ ਦਾਸਾ ॥
ਜਪਿ ਪੂਰਨ ਹੋਈ ਆਸਾ ॥੨॥੪॥

---

੧. ਗੁਰ-ਮੰਤਰ। ੨. ਪਹਿਰਾ। ੩. ਸ਼ਰਮਸਾਰ ਹੋ ਕੇ। ੪. ਰਚਨਹਾਰ।
੫. ਨਾ ਨਾਸ ਹੋਣ ਵਾਲਾ, ਵਾਹਿਗੁਰੂ। ੬. ਖ਼ਾਲੀ।

ਬਿਲਾਵਲੁ ਮਹਲਾ ੫

*ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥
ਸੁਖ ਉਪਜੇ ਬਾਜੇ[1] ਅਨਹਦ[2] ਤੂਰੇ[3] ॥੧॥ਰਹਾਉ॥
ਤਾਪ ਪਾਪ ਸੰਤਾਪ[4] ਬਿਨਾਸੇ ॥
ਹਰਿ ਸਿਮਰਤ ਕਿਲਵਿਖ[5] ਸਭਿ ਨਾਸੇ ॥੧॥
ਅਨਦੁ ਕਰਹੁ ਮਿਲਿ ਸੁੰਦਰ ਨਾਰੀ[6] ॥
ਗੁਰਿ ਨਾਨਕਿ ਮੇਰੀ ਪੈਜ ਸਵਾਰੀ ॥੨॥੩॥

ਰਾਗੁ ਬੈਰਾੜੀ ਮਹਲਾ ੫

*[7]ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥
ਕੋਟਿ ਜਨਮ ਕੇ ਦੂਖ ਗਵਾਇਓ ॥੧॥ਰਹਾਉ॥
ਜੋ ਚਾਹਤ ਸੋਈ ਮਨਿ ਪਾਇਓ ॥
ਕਰਿ ਕਿਰਪਾ ਹਰਿ ਨਾਮੁ ਦਿਵਾਇਓ ॥੧॥
ਸਰਬ ਸੂਖ ਹਰਿ ਨਾਮਿ ਵਡਾਈ ॥
ਗੁਰ ਪ੍ਰਸਾਦਿ ਨਾਨਕ ਮਤਿ ਪਾਈ ॥੨॥੧॥

---

੧. ਵਜੇ। ੨. ਇਕ-ਰਸ। ੩. ਵਾਜੇ। ੪. ਮਨ ਦੇ ਦੁਖ। ੫. ਪਾਪ। ੬. ਸਤਸੰਗੀ। ੭. ਸਤਸੰਗੀਆਂ ਨਾਲ ਮਿਲ ਕੇ।



# ਸ਼ਬਦਾਂ ਦਾ ਕ੍ਰਮਵਾਰ ਤਤਕਰਾ

[ਧਾਰਨਾ ਨਾਲ *(ਨਿਸ਼ਾਨ) ਹੈ]


*ਓਅੰ ਪ੍ਰਿਅ ਪ੍ਰੀਤਿ ਚੀਤਿ ਪਹਿਲਰੀਆ ੧੦੩
ਊਚ ਅਪਾਰ ਬੇਅੰਤ ਸੁਆਮੀ ੧੫
ਊਠਤ ਸੁਖੀਆ ਬੈਠਤ ਸੁਖੀਆ ੧੫੦
*ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ੧੪੨
ਅਉਖੀ ਘੜੀ ਨ ਦੇਖਣ ਦੇਈ ੧੪੪
ਅਸੀ ਖਤੇ ਬਹੁਤੁ ਕਮਾਵਦੇ ੭੧
*ਐਸੀ ਲਾਲ ਤੁਝ ਬਿਨੁ ਕਉਨੁ ਕਰੈ ੧੯
*ਅਤਿ ਊਚਾ ਤਾ ਕਾ ਦਰਬਾਰਾ ੪੩
*ਆਦਿ ਅੰਤਿ ਪ੍ਰਭੁ ਸਦਾ ਸਹਾਈ ੧੪੪
*ਅਪਣੇ ਬਾਲਕ ਆਪਿ ਰਖਿਅਨੁ ੧੫੨
*ਅਪਨੇ ਸੇਵਕ ਕਉ ਕਬਹੂ ਨ ਬਿਸਾਰਹੁ ੬੦
ਅਪੁਨੇ ਸੇਵਕ ਕੀ ਆਪੇ ਰਾਖੈ ੧੪੩
ਅਬ ਹਮ ਚਲੀ ਠਾਕੁਰ ਪਹਿ ਹਾਰਿ ੨੫
ਅਬਿਚਲ ਨਗਰੁ ਗੋਬਿੰਦ ਗੁਰੂ ਕਾ ੧੦੪
*ਅੰਮ੍ਰਿਤੁ ਨਾਮੁ ਨਿਧਾਨੁ ਹੈ ੧੧੬
ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ ੧੭
*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ੧੧੪
*ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ੧੧੧
ਅਵਰਿ ਉਪਾਵ ਸਭਿ ਤਿਆਗਿਆ ੧੪੬

*ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ੧੩੬
*ਇਕ ਕਰਉ ਬੇਨੰਤੀਆ ੫੩
*ਇਕ ਬਿਨਉ ਕਰਉ ਜੀਉ ੫੧
ਇਛਾ ਪੂਰਕੁ ਸਰਬ ਸੁਖਦਾਤਾ ਹਰਿ ੧੧੭
ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ ੧੩੨
ਸੋਈ ਕਰਾਇ ਜੋ ਤੁਧੁ ਭਾਵੈ ੩੧
*ਸਾਚਾ ਸਾਹਿਬੁ ਸਦ ਮਿਹਰਵਾਣ ੭੪
*ਸੁਣਹੁ ਬੇਨੰਤੀਆ ਸੁਆਮੀ ਮੇਰੇ ਰਾਮ ੫੦
*ਸੁਣਿ ਨਾਹ ਪਿਆਰੇ ਇਕ ਬੇਨੰਤੀ ੫੪
*ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹਿ ੫੨
ਸੁਣਿ ਯਾਰ ਹਮਾਰੇ ਸਜਣ ੫੩
ਸੁਤੁ ਅਪਰਾਧ ਕਰਤ ਹੈ ਜੇਤੇ ੨੯
ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ ੧੩੬
*ਸੰਤਾ ਕੇ ਕਾਰਜਿ ਆਪਿ ਖਲੋਇਆ ੧੦੫
*ਸਤਿਗੁਰੁ ਆਇਓ ਸਰਣਿ ਤੁਹਾਰੀ ੯੮
*ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ੯੯
*ਸਤਿਗੁਰੁ ਗੁਣੀ ਨਿਧਾਨੁ ਹੈ ੧੦੦
*ਸਤਿਗੁਰਿ ਤੁਮਰੇ ਕਾਜ ਸਵਾਰੇ ੧੫੪
ਸਤਿਗੁਰੁ ਮੇਰਾ ਬੇਮੁਹਤਾਜੁ ੧੦੧
*ਸੰਤ ਜਨਾ ਮਿਲਿ ਹਰਿ ਜਸੁ ਗਾਇਓ ੧੫੮
*ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ੧੫੮
*ਸਦਾ ਸਦਾ ਜਪੀਐ ਪ੍ਰਭ ਨਾਮ ੧੨੧
ਸਾਧੂ ਸੰਗਿ ਸਿਖਾਇਓ ਨਾਮੁ ੧੧੫
ਸੁਨਹੁ ਬਿਨੰਤੀ ਠਾਕੁਰ ਮੇਰੇ ੫੫





*ਸਰਬ ਸੁਖਾ ਬਨੇ ਤੇਰੈ ਓਲ੍ਹੈ ੧੨੪
*ਸਰਵਰ ਅੰਦਰਿ ਹੀਰਾ ਮੋਤੀ ੧੪੧
ਸਰਵਰ ਹੰਸ ਧੁਰੇ ਹੀ ਮੇਲਾ ੧੪੧
*ਸੇਵਕ ਕਉ ਨਿਕਟੀ ਹੋਇ ਦਿਖਾਵੈ ੧੪੩
*ਸੇਵਕ ਕੀ ਅਰਦਾਸਿ ਪਿਆਰੇ ੪੦
*ਹਉ ਅਪਰਾਧੀ ਗੁਨਹਗਾਰ ੬੯
ਹਉ ਕਿਆ ਸਾਲਾਹੀ ਕਿਰਮ ਜੰਤੂ ੪੭
*ਹਉ ਕੁਰਬਾਨੁ ਜਾਈ ਤੇਰੇ ਨਾਵੈ ੧੫੬
*ਹਉ ਤਿਸੁ ਘੋਲਿ ਘੁਮਾਇਆ ੧੪੦
*ਹਉ ਤੁਮਰੀ ਕਰਉ ਨਿਤ ਆਸ ਪ੍ਰਭ ੧੩੩
*ਹਉ ਪਾਪੀ ਵਡ ਗੁਨਹਗਾਰੁ ੭੧
*ਹਉ ਬਲਿ ਬਲਿ ਜਾਉ ਰਮਈਆ ੭੩
ਹਉ ਮਾਗਉ ਤੁਝੈ ਦਇਆਲ ੮੧
*ਹਉ ਵੰਞਾ ਕੁਰਬਾਨੁ ਸਾਈ ਆਪਣੇ ੧੩੨
*ਹਉ ਵਾਰੀ ਮੁਖੁ ਫੇਰਿ ਪਿਆਰੇ ੯੬
*ਹਮ ਅਪਰਾਧੀ ਸਦ ਭੂਲਤੇ ੬੩
ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ੬੬
ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ੭੩
*ਹਮ ਘਰਿ ਸਾਜਨ ਆਏ ੧੧੨
*ਹਮ ਬਾਰਿਕ ਪਿਤਾ ਪ੍ਰਭੁ ਦਾਤਾ ੩੦
ਹਮ ਮੈਲੇ ਤੁਮ ਊਜਲ ਕਰਤੇ ੭੨
ਹਮਰੀ ਗਣਤ ਨ ਗਣੀਆ ਕਾਈ ੭੪
ਹਮਰੀ ਜਿਹਬਾ ਏਕ ਪ੍ਰਭ ੭੬

*ਹਰਿ ਸਜਣੁ ਸੁਆਮੀ ਮੇਰਾ ੧੬
*ਹਰਿ ਕੋ ਨਾਮੁ ਸਦਾ ਸੁਖਦਾਈ ੧੧੯
ਹਰਿ ਕਾ ਨਾਮੁ ਰਿਦੈ ਨਿਤ ਧਿਆਈ ੧੧੬
*ਹਰਿ ਕਿਰਪਾ ਕਰਿ ਸੁਣਿ ਬੇਨਤੀ ੭੬
*ਹਰਿ ਜੀ ਮਾਤਾ ਹਰਿ ਜੀ ਪਿਤਾ ੨੮
ਹਰਣੀ ਹੋਵਾ ਬਨਿ ਬਸਾ ੧੩੫
ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ੯੦
*ਹਰਿ ਬਿਸਰਤ ਸਦਾ ਖੁਆਰੀ ੧੩੦
ਹਰਿ ਮਨਿ ਤਨਿ ਵਸਿਆ ਸੋਈ ੧੫੬
*ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ੧੨੮
ਹਰਿ ਰਸੁ ਪੀਵਤ ਸਦ ਹੀ ਰਾਤਾ ੧੨੮
ਹੇ ਰਵਿ ਹੇ ਸਸਿ ਹੇ ਕਰੁਣਾਨਿਧ ੪੯
*ਕੋਊ ਹਰਿ ਸਮਾਨਿ ਨਹੀ ਰਾਜਾ ੧੮
*ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ੮੬
*ਕਉਣੁ ਜਾਣੈ ਗੁਣ ਤੇਰੇ ੧੫
ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ੮੮
ਕੁਚਿਲ ਕਠੋਰ ਕਪਟ ਕਾਮੀ ੭੦
ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ੭੯
*ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ੧੩
*ਕਰਉ ਬੰਦਨਾ ਅਨਿਕ ਵਾਰ ੧੩
ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ੧੦੭
*ਕਰਿ ਕਿਰਪਾ ਕਿਰਪਾਲ ਆਪੇ ਬਖਸਿ ਲੈ ੭੮
*ਕਿਰਪਾ ਕੀਜੈ ਸਾ ਮਤਿ ਦੀਜੈ ੩੨





*ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ੨੦
ਕਰਵਤੁ ਭਲਾ ਨ ਕਰਵਟ ਤੇਰੀ ੯੬
ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ੯੧
*ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ੪੪
ਖੀਰ ਅਧਾਰਿ ਬਾਰਿਕੁ ਜਬ ਹੋਤਾ ੩੦
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ੧੩੮
*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ੧੩੯
*ਗੁਰ ਕਾ ਸਬਦੁ ਰਖਵਾਰੇ ੧੫੭
*ਗੁਰੁ ਗੁਰੂ ਗੁਰੁ ਕਰਿ ਮਨ ਮੋਰ ੧੦੨
*ਗੁਰੁ ਜੈਸਾ ਨਾਹੀ ਕੋ ਦੇਵ ੧੦੧
*ਗੁਰ ਨਾਨਕ ਕੀ ਵਡਿਆਈ ੧੦੭
*ਗੁਰਿ ਪੂਰੈ ਪੂਰੀ ਕੀਤੀ ੧੫੫
*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ੧੧੬
*ਗੁਰ ਰਾਮਦਾਸ ਰਾਖਹੁ ਸਰਣਾਈ ੬੬
ਗਲੀ ਅਸੀ ਚੰਗੀਆ ੬੭
ਘਰਿ ਬਾਹਰਿ ਤੇਰਾ ਭਰਵਾਸਾ ੧੪੯
*ਜਿਉ ਜਾਨਹਿ ਤਿਉ ਤਾਰਿ ਸੁਆਮੀ ੭੦
*ਜਿਉ ਜਾਨਹੁ ਤਿਉ ਰਾਖੁ ੬੪
*ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ ੬੫
*ਜਿਉ ਮਛੁਲੀ ਬਿਨੁ ਪਾਣੀਐ ੯੪
ਜੈਸਾ ਸਤਿਗੁਰੁ ਸੁਣੀਦਾ ੯੯
ਜਿਸ ਕੇ ਸਿਰ ਊਪਰਿ ਤੂੰ ਸੁਆਮੀ ੧੫੩
*ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ ੨੨

| | |
|---|---|
| *ਜਿਹਵਾ ਏਕ ਕਵਨ ਗੁਨ ਕਹੀਐ | ੬੨ |
| *ਜਗਤੁ ਜਲੰਦਾ ਰਖਿ ਲੈ | ੧੫ |
| *ਜਾ ਤੂ ਮੇਰੈ ਵਲਿ ਹੈ | ੨੧ |
| *ਜਿਨਿ ਏਹੁ ਥਾਨੁ ਸੁਹਾਇਆ | ੧੦੪ |
| *ਜਨ ਕਉ ਪ੍ਰਭ ਅਪਨੇ ਕਾ ਤਾਣ | ੧੪੯ |
| ਜਨਮ ਜਨਮ ਕੇ ਦੂਖ ਨਿਵਾਰੈ | ੧੪੭ |
| *ਜਪਿ ਮਨ ਸਤਿਨਾਮੁ ਸਦਾ ਸਤਿਨਾਮੁ | ੧੧੭ |
| *ਜੀਵਉ ਨਾਮੁ ਸੁਨੀ | ੧੨੦ |
| ਝਖੜੁ ਝਾਗੀ ਮੀਹੁ ਵਰਸੈ | ੯੭ |
| *ਠਾਕੁਰ ਐਸੋ ਨਾਮ ਤੁਮੑਾਰੋ | ੧੧੯ |
| *ਠਾਕੁਰ ਜਾ ਸਿਮਰਾ ਤੂੰ ਤਾਹੀ | ੫੯ |
| *ਠਾਕੁਰ ਤੁਮੑ ਸਰਣਾਈ ਆਇਆ | ੫੮ |
| *ਠਾਕੁਰ ਬਿਨਤੀ ਕਰਨ ਜਨੁ ਆਇਓ | ੫੭ |
| *ਢਾਢੀ ਦਰਿ ਪ੍ਰਭ ਮੰਗਣਾ | ੧੨੫ |
| *ਤੂੰ ਸਾਜਨੁ ਤੂੰ ਪ੍ਰੀਤਮੁ ਮੇਰਾ | ੨੬ |
| *ਤੂ ਸਮਰਥੁ ਸਦਾ, ਹਮ ਦੀਨ ਭੇਖਾਰੀ ਰਾਮ | ੩੯ |
| *ਤੂ ਸਮਰਥੁ ਵਡਾ, ਮੇਰੀ ਮਤਿ ਥੋਰੀ ਰਾਮ | ੩੮ |
| ਤੂੰ ਜੀਵਨੁ ਤੂੰ ਪ੍ਰਾਨ ਅਧਾਰਾ | ੨੬ |
| *ਤੁਝੁ ਊਪਰਿ ਮੇਰਾ ਹੈ ਮਾਣਾ | ੩੬ |
| ਤੁਝ ਬਿਨੁ ਅਵਰੁ ਨਾਹੀ ਮੈ ਦੂਜਾ | ੨੩ |
| *ਤੁਝ ਬਿਨੁ ਨਾਹੀ ਕੋਇ | ੯੫ |
| *ਤੂ ਠਾਕੁਰੁ ਤੁਮ ਪਹਿ ਅਰਦਾਸਿ | ੧੪ |
| ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ | ੩੨ |





| | |
|---|---|
| *ਤਾਤੀ ਵਾਉ ਨ ਲਗਈ | ੧੪੫ |
| ਤੂੰ ਦਾਤਾ ਜੀਆ ਸਭਨਾ ਕਾ | ੫੯ |
| *ਤੂੰ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ | ੧੨੫ |
| ਤੁਧੁ ਚਿਤਿ ਆਏ ਮਹਾ ਅਨੰਦਾ | ੧੩੪ |
| *ਤੁਧੁ ਧਿਆਇਨਿੑ ਬੇਦ ਕਤੇਬਾ | ੪੧ |
| ਤੂ ਬੇਅੰਤੁ ਕੋ ਵਿਰਲਾ ਜਾਣੈ | ੪੦ |
| *ਤੁਮੑ ਕਰਹੁ ਦਇਆ ਮੇਰੇ ਸਾਈ | ੮੨ |
| ਤੁਮ ਦਾਤੇ ਠਾਕੁਰ ਪ੍ਰਤਿਪਾਲਕ | ੬੨ |
| *ਤੁਮਰੀ ਓਟ ਤੁਮਾਰੀ ਆਸਾ | ੨੩ |
| ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ | ੩੪ |
| *ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ | ੩੩ |
| ਤੂ ਮੇਰਾ ਤਰੰਗੁ ਹਮ ਮੀਨ ਤੁਮਾਰੇ | ੩੩ |
| *ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ | ੨੭ |
| *ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ | ੩੪ |
| *ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ | ੨੪ |
| ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ | ੧੫੪ |
| *ਦਾਸ ਤੇਰੇ ਕੀ ਬੇਨਤੀ | ੫੬ |
| *ਦੇਹ ਸ਼ਿਵਾ ਬਰ ਮੋਹਿ ਇਹੈ | ੪੮ |
| *ਦੁਖ ਭੰਜਨੁ ਤੇਰਾ ਨਾਮੁ ਜੀ | ੧੪੮ |
| *ਦਾਤਾ ਓਹੁ ਨ ਮੰਗੀਐ | ੪੫ |
| *ਦੀਨ ਦਇਆਲ ਭਰੋਸੇ ਤੇਰੇ | ੧੨੨ |
| ਦਿਨੁ ਰਾਤੀ ਆਰਾਧਹੁ ਪਿਆਰੋ | ੧੨੬ |
| *ਦਰਸਨੁ ਹਰਿ ਦੇਖਣ ਕੈ ਤਾਈ | ੮੮ |

| | |
|---|---|
| *ਦਾਰੂ ਨਾਮੁ ਲਇਆ | ੧੪੬ |
| ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ | ੧੩੧ |
| *ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ | ੧੧੦ |
| *ਧਨਵੰਤ ਨਾਮ ਕੇ ਵਣਜਾਰੇ | ੧੨੭ |
| ਨਾਮੁ ਮਹਾ ਰਸੁ ਪੀਓ | ੧੨੯ |
| ਨਾਲਿ ਨਰਾਇਣੁ ਮੇਰੈ | ੧੫੫ |
| ਪਤਿਤ ਪਵਿਤ੍ਰ ਲੀਏ ਕਰ ਅਪੁਨੇ | ੧੧੯ |
| ਪਾਨੀ ਪਖਾ ਪੀਸਉ ਸੰਤ ਆਗੈ | ੮੨ |
| ਪਾਰਬ੍ਰਹਮ ਪਰਮੇਸਰ ਸਤਿਗੁਰ | ੧੦੮ |
| *ਪ੍ਰਭ ਇਹੈ ਮਨੋਰਥੁ ਮੇਰਾ | ੮੩ |
| ਪ੍ਰਭ ਕੀਜੈ ਕ੍ਰਿਪਾ ਨਿਧਾਨ | ੧੩੩ |
| *ਪ੍ਰਭ ਜੀਉ ਖਸਮਾਨਾ ਕਰਿ ਪਿਆਰੇ | ੫੫ |
| *ਪ੍ਰਭ ਜੀ ਤੂ ਮੇਰੋ ਸੁਖਦਾਤਾ | ੧੫੭ |
| *ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ | ੩੭ |
| *ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ | ੭੫ |
| *ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ | ੯੨ |
| ਬਿਖੈ ਬਨ ਫੀਕਾ ਤਿਆਗਿ ਰੀ ਸਖੀਏ | ੧੨੯ |
| *ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ | ੧੫੧ |
| ਭਈ ਪਰਾਪਤਿ ਮਾਨੁਖ ਦੇਹੁਰੀਆ | ੧੩੮ |
| ਭਾਗਠੜੇ ਹਰਿ ਸੰਤ ਤੁਮਾਰੇ | ੧੧੩ |
| *ਭੀ ਗੁਰੁ ਦੇਖਣ ਜਾਈ | ੬੭ |
| *ਭੂਲਿ ਭੂਲਿ ਪਛੋਤਾਣੀ | ੬੮ |
| ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ | ੬੮ |





| | |
|---|---|
| *ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ | ੧੦੯ |
| ਮੋਹਨ ਘਰਿ ਆਵਉ ਕਰਉ ਜੋਦਰੀਆ | ੮੯ |
| *ਮੋਹਨੁ ਪ੍ਰਾਨ ਮਾਨ ਰਾਗੀਲਾ | ੧੨੬ |
| *ਮੋਹਿ ਨਿਰਗੁਣ ਦਿਚੈ ਥਾਉ | ੮੧ |
| ਮੋਹਿ ਮਛੁਲੀ ਤੁਮ ਨੀਰ | ੩੫ |
| ਮਿਹਰਵਾਨੁ ਸਾਹਿਬੁ ਮਿਹਰਵਾਨੁ | ੨੦ |
| *ਮਿਟਿਆ ਅੰਧੇਰਾ ਚੰਦੁ ਚੜਿਆ | ੧੧੫ |
| ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ | ੧੬ |
| *ਮਾਣੁ ਨਿਮਾਣੇ ਤੂੰ ਧਣੀ | ੮੪ |
| *ਮੈ ਤੁਝ ਬਿਨੁ ਬੇਲੀ ਕੋ ਨਹੀ | ੪੭ |
| *ਮਾਧੌ ਹਮ ਐਸੇ ਤੂ ਐਸਾ | ੭੨ |
| *ਮਨ ਜਿਉ ਅਪੁਨੇ ਪ੍ਰਭ ਭਾਵਉ | ੮੦ |
| *ਮਨਿ ਪ੍ਰੀਤਿ ਚਰਨ ਕਮਲਾਰੇ | ੧੭ |
| *ਮਨ ਮੇਰੇ ਹਰਿ ਕੇ ਚਰਨ ਰਵੀਜੈ | ੧੨੩ |
| ਮਨੁ ਰਤਾ ਗੋਵਿੰਦ ਸੰਗਿ | ੧੨੫ |
| ਮੈ ਬੰਦਾ ਬੈਖਰੀਦੁ ਸਚੁ ਸਾਹਿਬੁ ਮੇਰਾ | ੮੪ |
| *ਮੈ ਬਨਜਾਰਨਿ ਰਾਮ ਕੀ | ੧੩੫ |
| *ਮੈ ਮੂਰਖ ਕੀ ਕੇਤਕ ਬਾਤ ਹੈ | ੭੯ |
| *ਮੇਰੀ ਅਬੈ ਬਿਨਤੀ ਸੁਨ ਲੀਜੈ | ੪੯ |
| *ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ | ੧੩੪ |
| *ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ | ੮੭ |
| *ਮੇਰਾ ਬੈਦੁ ਗੁਰੂ ਗੋਵਿੰਦਾ | ੧੪੭ |
| *ਮੇਰਾ ਮਾਤ ਪਿਤਾ ਹਰਿ ਰਾਇਆ | ੩੧ |

*ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ੯੦
*ਮੇਰੇ ਰਾਮ ਹਰਿ ਜਨ ਕੈ ਹਉ ਬਲ ਜਾਈ ੧੧੩
*ਮੇਰੇ ਰਾਮਰਾਇ ਜਿਉ ਰਾਖਹਿ ਤਿਉ ਰਹੀਐ ੧੦੮
*ਮੇਰੇ ਰਾਮਰਾਇ ਤੂੰ ਸੰਤਾ ਕਾ ੧੫੩
*ਮਿਲੁ ਮੇਰੇ ਪ੍ਰੀਤਮਾ ਜੀਉ ੮੫
ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ ੯੫
*ਮੂ ਲਾਲਨ ਸਿਉ ਪ੍ਰੀਤਿ ਬਨੀ ੯੩
*ਰਾਖਾ ਏਕੁ ਹਮਾਰਾ ਸੁਆਮੀ ੧੫੦
*ਰਾਖੁ ਸਦਾ ਪ੍ਰਭ ਅਪਨੈ ਸਾਥ ੬੧
ਰਾਖਹੁ ਅਪਨੀ ਸਰਣਿ ਪ੍ਰਭ ੬੩
*ਰਾਖਹੁ ਲਾਜ ਮੁਰਾਰਿ ੨੫
*ਰਾਖੁ ਪਿਤਾ ਪ੍ਰਭ ਮੇਰੇ ੭੭
ਰੋਗੁ ਮਿਟਾਇਆ ਆਪਿ ਪ੍ਰਭਿ ੧੫੧
ਰਾਜ ਲੀਲਾ ਤੇਰੈ ਨਾਮਿ ਬਨਾਈ ੧੨੪
ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ ੧੨੫
*ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ੧੩੧
*ਰਾਮਈਆ ਹਉ ਬਾਰਿਕੁ ਤੇਰਾ ੨੯
*ਰਾਮੁ ਸਿਮਰੁ ਪਛੁਤਾਹਿਗਾ ਮਨ ੧੩੭
ਰਾਮੁ ਜਪਉ ਜੀਅ ਐਸੇ ਐਸੇ ੧੨੨
*ਰਾਮਦਾਸ ਸਰੋਵਰਿ ਨਾਤੇ ੧੦੬
*ਲੋੜੀਦੜਾ ਸਾਜਨੁ ਮੇਰਾ ੪੬
*ਵਿਛੁੜਿਆ ਮੇਲੇ ਪ੍ਰਭੂ ੯੯
*ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ ੪੨